# ECHO OF HIS CALL

# ਯਿਸੂ ਮਸੀਹ ਦੇ ਬੁਲਾਵੇ ਦੀ ਗੂੰਜ

PUNJABI

ECHO OF HIS CALL 1969-2019 GOLDEN JUBILEE

India's National Spiritual Newspaper

₹ 10/-

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, JULY 2020 | NO. 3


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 64:1-10

1. ਹੇ ਪ੍ਰਮੇਸ਼ਵਰ, ਮੇਰੀ ਫ਼ਰਿਆਦ ਦੀ ਅਵਾਜ਼ ਸੁਣ; ਮੇਰੀ ਜਾਨ ਨੂੰ ਵੈਰੀ ਦੇ ਡਰ ਤੋਂ ਛੁਡਾ।
2. ਬਦਕਾਰਾਂ ਦੇ ਗੁਪਤ ਮਤੇ ਤੋਂ ਅਤੇ ਕੁਕਰਮੀਆਂ ਦੀ ਹਲਚਲ ਤੋਂ ਮੈਨੂੰ ਲੁਕਾ।
3. ਜਿਨ੍ਹਾਂ ਨੇ ਆਪਣੀ ਜੀਭ ਤਲਵਾਰ ਵਾਂਗ ਤਿੱਖੀ ਕੀਤੀ ਹੈ ਅਤੇ ਆਪਣੇ ਕੌੜੇ ਬਚਨਾਂ ਨੂੰ ਆਪਣੇ ਤੀਰਾਂ ਦਾ ਨਿਸ਼ਾਨਾਂ ਲਿਆ ਹੈ।
4. ਭਈ ਗੁਪਤ ਥਾਵਾਂ ਵਿੱਚ ਸੰਪੂਰਨ ਮਨੁੱਖ ਉੱਤੇ ਚਲਾਉਣ, ਉਹ ਅਚਾਨਕ ਚਲਾਉਂਦੇ ਹਨ ਅਤੇ ਡਰਦੇ ਨਹੀਂ।
5. ਉਹ ਆਪਣੇ ਆਪ ਨੂੰ ਬੁਰੀ ਗੱਲ ਲਈ ਤਕੜਿਆਂ ਕਰਦੇ ਹਨ, ਉਹ ਫੰਦੇ ਲੁਕਾਉਣ ਦਾ ਉਪਾਓ ਕਰਦੇ ਹਨ ਅਤੇ ਆਖਦੇ ਹਨ, "ਭਲਾ ਕੌਣ ਉਨ੍ਹਾਂ ਨੂੰ ਵੇਖੇਗਾ?"
6. ਉਹ ਸ਼ਰਾਰਤਾਂ ਨੂੰ ਭਾਲਦੇ ਹਨ, "ਅਸਾਂ ਇੱਕ ਪੱਕਾ ਖੋਜ ਕੱਢਿਆ ਹੈ" ਅਤੇ ਹਰੇਕ ਦਾ ਅੰਦਰਲਾ ਦਿਲ ਡੂੰਘਾ ਹੈ।
7. ਪਰ ਪ੍ਰਮੇਸ਼ਵਰ ਉਨ੍ਹਾਂ ਉੱਤੇ ਅਚਾਨਕ ਤੀਰ ਚਲਾਵੇਗਾ, ਉਹ ਫੱਟੜ ਹੋ ਜਾਣਗੇ।
8. ਉਹ ਠੇਡੇ ਖਾਣਗੇ, ਉਨ੍ਹਾਂ ਦੀ ਰਸਨਾ ਉਨ੍ਹਾਂ ਦੇ ਹੀ ਵਿਰੁੱਧ ਹੋਵੇਗੀ; ਸਭ ਵੇਖਣ ਵਾਲੇ ਭੱਜ ਜਾਣਗੇ।
9. ਸਾਰੇ ਆਦਮੀ ਡਰਨਗੇ ਅਤੇ ਪ੍ਰਮੇਸ਼ਵਰ ਦਾ ਕੰਮ ਦੱਸਣਗੇ, ਅਤੇ ਉਹ ਦੇ ਕਾਰਜ ਉੱਤੇ ਧਿਆਨ ਕਰਨਗੇ।
10. ਧਰਮੀ ਯਹੋਵਾਹ ਵਿੱਚ ਅਨੰਦ ਹੋਵੇਗਾ ਅਤੇ ਉਸਦੀ ਸ਼ਰਨ ਆਵੇਗਾ ਅਤੇ ਸਾਰੇ ਸਿੱਧੇ ਮਨ ਵਾਲੇ ਵਡਿਆਈ ਕਰਨਗੇ।

**Fear not, O' land, be glad and rejoice,**
**For the Lord has done marvelous things!**
**ਹੇ ਭੂਮੀ ਨਾ ਡਰ, ਖੁਸ਼ੀ ਮਨਾ ਤੇ ਅਨੰਦ ਹੋ,**
**ਕਿਉਂ ਜੋ ਯਹੋਵਾਹ ਨੇ ਵੱਡੇ ਕੰਮ ਕੀਤੇ ਹਨ!**
(ਯੋਏਲ 2:21)

**ਪਾ: ਐੱਸ. ਸੈਮ ਸੇਲਵਾ ਰਾਜ**

## ਵਾਇਰਸ

ਸੰਸਾਰ ਅੱਜ ਇੱਕ ਅਜਿਹੇ ਭਿਆਨਕ ਸਮੇਂ ਵਿੱਚੋਂ ਗੁਜ਼ਰ ਰਿਹਾ ਹੈ ਜਿਸ ਵਿੱਚੋਂ ਪਹਿਲਾਂ ਕਦੇ ਨਹੀਂ ਗੁਜ਼ਰਿਆ। ਪਹਿਲਾਂ ਵੀ ਅਕਾਲ, ਮਰੀਆਂ, ਲੜਾਈਆਂ, ਹੜ੍ਹ, ਭੁਚਾਲ, ਜਵਾਲਾਮੁਖੀ ਸੰਸਾਰ ਵਿੱਚ ਆਏ ਹਨ ਪਰੰਤੂ ਕਰੋਨਾ (ਕੋਵਿਡ 19) ਮਹਾਂਮਾਰੀ ਦੇ ਇਸ ਮੌਜੂਦਾ ਹਮਲੇ ਨੇ ਸਮੁੱਚੇ ਸੰਸਾਰ ਨੂੰ ਪੂਰੀ ਤਰਾਂ ਹਰਾ ਦਿੱਤਾ ਹੈ। ਸੰਸਾਰ ਦੇ ਲਗਭਗ ਸਭ ਦੇਸ਼ਾਂ ਨੇ ਲੌਕਡਾਊਨ ਕਰ ਦਿੱਤਾ ਹੈ ਅਤੇ ਕੇਵਲ ਬਹੁਤ ਲੋੜੀਂਦੀਆਂ ਵਸਤਾਂ ਹੀ ਮਿਲ ਪਾ ਰਹੀਆਂ ਹਨ। ਕਾਰਖਾਨੇ ਬੰਦ ਹਨ, ਹਵਾਈ ਜਹਾਜ਼ ਜ਼ਮੀਨ ਤੇ ਖੜ੍ਹੇ ਹਨ, ਰੇਲ ਗੱਡੀਆਂ ਰੁਕੀਆਂ ਹੋਈਆਂ ਹਨ, ਬੱਸਾਂ ਅਤੇ ਟਰੱਕ ਸੜਕਾਂ ਤੇ ਦਿਖਾਈ ਨਹੀਂ ਦਿੰਦੇ। ਕਿਉਂ? ਖੇਤੀਬਾੜੀ ਦਾ ਕੰਮ ਵੀ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਸਭ ਤੋਂ ਵਧਕੇ ਚਰਚ ਬੰਦ ਹਨ ਅਤੇ ਲੋਕਾਂ ਦੇ ਇਕੱਠੇ ਹੋਣ ਤੇ ਵੀ ਰੋਕ ਹੈ। ਅਸੀਂ ਆਪਣੇ ਜੀਵਨ ਕਾਲ ਵਿੱਚ ਅਜਿਹੇ ਹਲਾਤ ਪਹਿਲਾਂ ਕਦੇ ਨਹੀਂ ਵੇਖੇ। ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ, ਸਮਾਜਿਕ ਦੂਰੀ ਬਣਾ ਕੇ ਰੱਖਣ, ਮਾਸਕ ਪਹਿਨਣ ਅਤੇ ਬਾਰ ਬਾਰ ਕੀਟਾਣੂਨਾਸ਼ਕਾਂ ਨਾਲ ਹੱਥ ਧੋਣ ਵਰਗੇ ਨਿਯਮਾਂ ਦੀ ਪਾਲਣਾ ਕਰਨੀ ਪੈ ਰਹੀ ਹੈ।

ਅਸੀਂ ਸਪੈਨਿਸ਼ ਫ਼ਲੂ, ਮਾਰਬਰਗ, ਸਮਾਲ ਪੌਕਸ, ਹੰਤਾ, ਡੇਂਗੂ, ਐੱਚਆਈਵੀ, ਸਾਰਸ, ਜ਼ੀਕਾ, ਨਿਪਾਹ, ਏਬੋਲਾ ਆਦਿ ਵਾਇਰਸਾਂ ਬਾਰੇ ਸੁਣਿਆ ਹੈ ਜਿਨ੍ਹਾਂ ਵਿੱਚੋਂ ਕੁਝ ਬੜੇ ਜਾਨਲੇਵਾ ਹਨ ਅਤੇ ਕਈ ਜਾਨਾਂ ਵੀ ਲੈ ਚੁੱਕੇ ਹਨ। ਪਰੰਤੂ ਇਨ੍ਹਾਂ ਸਭਨਾਂ ਦੇ ਵਿਚਕਾਰ ਕੋਵਿਡ 19 ਮਹਾਂਮਾਰੀ ਕੇਵਲ ਜਾਨਲੇਵਾ ਹੋਣ ਕਰਕੇ ਹੀ ਨਹੀਂ ਬਲਕਿ ਇਸਦੇ ਬਹੁਤ ਤੇਜ਼ੀ ਨਾਲ ਵਧਣ ਦੀ ਤਾਕਤ ਕਰਕੇ ਵੀ ਭਿਆਨਕ ਹੈ। ਇਹ ਬਹੁਤ ਘਾਤਕ ਵੀ ਹੈ। ਮੌਤਾਂ ਅਤੇ ਸੰਕ੍ਰਮਿਤ ਲੋਕਾਂ ਦੀ ਗਿਣਤੀ ਪੂਰੇ ਸੰਸਾਰ ਵਿੱਚ ਕਈ ਲੱਖਾਂ ਤੱਕ ਪਹੁੰਚ ਚੁੱਕੀ ਹੈ। ਹਾਲਾਂਕਿ, ਦੇਸ਼ਾਂ ਵੱਲੋਂ ਲਏ ਗਏ ਕੁਝ ਸਮਝ ਭਰੇ ਫ਼ੈਸਲਿਆਂ, ਲੋਕਾਂ ਨੂੰ ਜਾਗਰੂਕ ਕਰਨ ਅਤੇ ਵੇਲੇ ਸਿਰ ਕੀਤੇ ਉਪਚਾਰ ਸਦਕਾ ਇਸ ਤਬਾਹੀ ਨੂੰ ਕੁਝ ਹੱਦ ਤੱਕ ਰੋਕਿਆ ਗਿਆ ਹੈ। ਪਰੰਤੂ ਇਸ ਵਾਇਰਸ ਨੇ ਸੰਸਾਰ ਦੀ ਅਰਥਵਿਵਸਥਾ ਦੀ ਕਮਰ ਤੋੜ ਦਿੱਤੀ ਹੈ ਅਤੇ ਲੱਖਾਂ ਲੋਕ ਨੌਕਰੀਆਂ ਗੁਆ ਚੁੱਕੇ ਹਨ।

ਇਟਲੀ, ਸਪੇਨ, ਫਰਾਂਸ, ਇੰਗਲੈਂਡ,

(ਚਲਦਾ ਸਫਾ 4-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



**"...ਮੈਂ ਯਹੋਵਾਹ ਤੇਰਾ ਪ੍ਰਮੇਸ਼ਵਰ ਹਾਂ ਜੋ ਤੈਨੂੰ ਲਾਭ ਉਠਾਉਣ ਦੀ ਸਿੱਖਿਆ ਦਿੰਦਾ ਹਾਂ, ਜੋ ਤੈਨੂੰ ਉਸ ਰਾਹ ਪਾਉਂਦਾ ਜਿਸ ਰਾਹ ਤੈਂ ਜਾਣਾ ਹੈ " (ਯਸਾਯਾਹ 48:17)।**

ਪ੍ਰਭੂ ਯਿਸੂ ਮਸੀਹ ਵਿੱਚ ਪਿਆਰਿਓ,

ਅਸੀਂ ਸੰਸਾਰ ਦੇ ਪ੍ਰਭੂ ਅਰ ਮੁਕਤੀਦਾਤਾ, ਯਿਸੂ ਮਸੀਹ ਦੇ ਨਾਮ ਵਿੱਚ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ।

ਇਸ ਵੇਲੇ ਜਦੋਂ ਮੈਂ ਇਹ ਪੱਤਰ ਲਿਖ ਰਿਹਾ ਹਾਂ, ਲੋਕ ਕੋਵਿਡ 19 (ਕੋਰੋਨਾ) ਦੇ ਭੈ ਹੇਠ ਜੀਅ ਰਹੇ ਹਨ। ਸੰਸਾਰ ਭਰ ਵਿੱਚ ਲੱਖਾਂ ਲੋਕ ਇਸ ਮਹਾਂਮਾਰੀ ਕਾਰਨ ਮਰ ਚੁੱਕੇ ਹਨ। ਲੱਖਾਂ ਲੋਕ ਹਸਪਤਾਲਾਂ ਜਾਂ ਘਰਾਂ ਵਿੱਚ ਹੀ ਇਲਾਜ ਦੇ ਤੌਰ ਤੇ ਅਲੱਗ ਕੀਤੇ ਹੋਏ ਹਨ। ਇਹ ਇੱਕ ਚਿੰਤਾ ਦਾ ਵਿਸ਼ੇ ਹੈ। ਸਾਨੂੰ ਲਗਾਤਾਰ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਪ੍ਰਮੇਸ਼ਵਰ ਸੰਸਾਰ ਉੱਤੇ ਰਹਿਮ ਕਰੇ ਅਰ ਇਸ ਜਾਨਲੇਵਾ ਵਾਇਰਸ ਨੂੰ ਰੋਕੇ। ਇਸ ਵਾਇਰਸ ਕਾਰਨ ਮਰਨ ਵਾਲੇ ਨਿਰਦੋਸ਼ ਲੋਕਾਂ ਦੀ ਮੌਤ ਨੇ ਸਾਡੇ ਦਿਲਾਂ ਨੂੰ ਤੋੜ ਦਿੱਤਾ ਹੈ। ਇਸ ਕਰਕੇ ਸਾਡੇ ਵਰਗੇ ਪ੍ਰਮੇਸ਼ਵਰ ਦੇ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਬਿਮਾਰੀ ਦੇ ਖ਼ਿਲਾਫ ਲੜੀਏ। ਮਸੀਹੀਆਂ ਦੀ ਜੀਵਨ ਸ਼ੈਲੀ, ਅਰਾਧਨਾ ਦੇ ਢੰਗ ਤਰੀਕੇ, ਪ੍ਰਾਰਥਨਾ ਕਰਨ ਦਾ ਢੰਗ ਅਤੇ ਪ੍ਰਮੇਸ਼ਵਰ ਦੀ ਸੇਵਕਾਈ ਕਰਨ ਦੇ ਤੌਰ ਤਰੀਕੇ ਕੇਵਲ ਸਾਨੂੰ ਹੀ ਨਹੀਂ ਬਲਕਿ ਖੁਦ ਸ਼ਰਵ-ਸ਼ਕਤੀਮਾਨ ਪ੍ਰਮੇਸ਼ਵਰ ਨੂੰ ਵੀ ਦੁਖੀ ਕਰਦੇ ਹਨ। ਇਸ ਲਈ ਇਸ ਸਮੇਂ ਪ੍ਰਮੇਸ਼ਵਰ ਦੇ ਸੇਵਕਾਂ ਸਮੇਤ ਪ੍ਰਮੇਸ਼ਵਰ ਦੇ ਸਭ ਲੋਕਾਂ ਨੂੰ ਪਛਤਾਪ ਕਰਨ ਦੀ ਲੋੜ ਹੈ।

ਬਾਈਬਲ ਅਨੁਸਾਰ ਇਸ ਮਹਾਂਮਾਰੀ ਦੇ ਆਉਣ ਦੇ ਦੋ ਕਾਰਨ ਹਨ। ਆਓ ਅਸੀਂ 2 ਇਤਿਹਾਸ 7:13,14 ਪੜ੍ਹੀਏ:

"ਜੇ ਮੈਂ ਕਦੇ ਅਕਾਸ਼ ਨੂੰ ਬੰਦ ਕਰ ਦਿਆਂ ਕਿ ਮੀਂਹ ਨਾ ਪਵੇ ਯਾ ਸਲਾ ਨੂੰ ਹੁਕਮ ਦਿਆਂ ਕਿ ਦੇਸ਼ ਨੂੰ ਚੱਟ ਲਵੇ ਯਾ ਆਪਣੀ ਪਰਜਾ ਦੇ ਵਿੱਚ ਬਵਾ ਘੱਲਾਂ,

ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਨ ਦੀ ਚਾਹਵੰਦ ਹੋਵੇ ਅਤੇ ਆਪਣੇ ਭੈੜੇ ਰਾਹ ਤੋਂ ਮੁੜੇ ਤਾਂ ਸੁਰਗ ਉੱਤੋਂ ਸੁਣਕੇ ਉਨ੍ਹਾਂ ਦੇ ਪਾਪ ਖਿਮਾਂ ਕਰਾਂਗਾ ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰ ਦਿਆਂਗਾ"।

ਇਹ ਆਇਤਾਂ ਬਹੁਤ ਸਾਰੀਆਂ ਪ੍ਰਾਰਥਨਾ ਸਭਾਵਾਂ ਵਿੱਚ ਇਸਤੇਮਾਲ ਕੀਤੀਆਂ ਜਾਂਦੀਆਂ ਹਨ। ਕਿਉਂਕਿ ਮਸੀਹੀਆਂ ਨੇ ਇਨ੍ਹਾਂ ਆਇਤਾਂ ਨੂੰ ਬਹੁਤ ਵਾਰ ਸੁਣਿਆਂ ਹੈ ਇਸ ਕਰਕੇ ਉਨ੍ਹਾਂ ਲਈ ਇਹ ਆਮ ਆਇਤਾਂ ਹਨ ਅਤੇ ਇਨ੍ਹਾਂ ਦਾ ਕੋਈ ਖਾਸ ਅਰਥ ਨਹੀਂ। ਪ੍ਰਭੂ ਪ੍ਰਮੇਸ਼ਵਰ ਬੜੀ ਸਪੱਸ਼ਟਤਾ ਨਾਲ ਆਖਦਾ ਹੈ ਕਿ ਮੀਂਹ ਦਾ ਨਾ ਪੈਣਾ, ਸਲਾ ਅਰ ਮਰੀ ਦਾ ਆਉਣਾ ਉਸਦੇ ਕ੍ਰੋਧ ਦੇ ਚਿੰਨ੍ਹ ਹਨ। ਕੋਈ ਵੀ ਇਸਤੋਂ ਇਨਕਾਰ ਨਹੀਂ ਕਰ ਸਕਦਾ।

ਪਹਿਲੀ ਗੱਲ ਇਹ ਹੈ, ਕਿ ਮਸੀਹੀ, ਜਿਹੜੇ ਪ੍ਰਮੇਸ਼ਵਰ ਦੀ ਸੰਤਾਨ ਕਹਾਉਂਦੇ ਹਨ ਸਹੀ ਢੰਗ ਨਾਲ ਉਸਦੀ ਇੱਜ਼ਤ ਕਰਨਾ ਭੁੱਲ ਚੁੱਕੇ ਹਨ ਅਤੇ ਪ੍ਰਮੇਸ਼ਵਰ ਦੇ ਆਪਣੇ ਲੋਕ ਹੀ ਉਸਦੀ ਮਹਿਮਾ ਦਾ ਅਨਾਦਰ ਕਰਦੇ ਹਨ। ਚਰਚਾਂ ਵਿੱਚ ਅਰਾਧਨਾ ਸਭਾਵਾਂ ਇੰਝ ਚੱਲਦੀਆਂ ਹਨ ਜਿਵੇਂ ਕੋਈ ਡਰਾਮਾ ਪ੍ਰਸਾਰਿਤ ਕੀਤਾ ਜਾ ਰਿਹਾ ਹੋਵੇ। ਕੁਝ ਚਰਚ ਸਭਾਵਾਂ ਤਾਂ ਕਲੱਬਾਂ ਅਤੇ ਵਪਾਰਕ ਕੇਂਦਰਾਂ ਵਾਂਗ ਜਾਪਦੀਆਂ ਹਨ। ਅਰਾਧਨਾ ਸਭਾਵਾਂ ਲੋਕਾਂ ਦੀ ਚਾਹਤ, ਸਨਕ ਅਤੇ ਮੰਗ ਅਨੁਸਾਰ ਬਦਲ ਚੁੱਕੀਆਂ ਹਨ। ਅਜਿਹੀਆਂ ਸਭਾਵਾਂ ਵਿੱਚ ਕੋਈ ਤਰਤੀਬ ਨਹੀਂ ਹੁੰਦੀ।

ਫੁਰਾਤਨ ਬਾਈਬਲ ਅਧਾਰਿਤ ਕਲੀਸਿਆਵਾਂ ਦੀਆਂ ਸਿੱਖਿਆਵਾਂ ਅਤੇ ਸਿਧਾਂਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਅਰ ਸਤੂਤੀ ਅਰਾਧਨਾ ਦੇ ਨਾਮ ਤੇ ਨੱਚਣ ਟੱਪਣ ਅਤੇ ਗਾਉਣ ਨੂੰ ਮੁੱਖ




**CHIEF EDITORS**
Pastor S. Sam Selva Raj
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.

**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.

**PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in

**Websites :**
www.echoofhiscall.org
www.echoofhiscall.com

ਰੱਖਿਆ ਜਾਂਦਾ ਹੈ। ਸਾਨੂੰ ਸੱਚਮੁਚ ਹੈਰਾਨੀ ਹੁੰਦੀ ਹੈ ਕਿ ਕੀ ਉਹ ਚਰਚ ਸਭਾਵਾਂ ਹਨ ਜਾਂ ਨਹੀਂ।

- ਪ੍ਰਮੇਸ਼ਵਰ ਦੇ ਲੋਕ ਸਹੀ ਸਮੇਂ ਤੇ ਅਰਾਧਨਾ ਸਭਾ ਵਿੱਚ ਨਹੀਂ ਜਾਂਦੇ।
- ਸਾਡੇ ਪੂਰਵਜਾਂ ਵਾਂਗ, ਅੱਜ ਦੇ ਚਰਚ ਮੈਂਬਰ ਆਪਣੇ ਪਰਿਵਾਰਾਂ ਸਮੇਤ ਚਰਚ ਨਹੀਂ ਜਾਂਦੇ।
- ਅਰਾਧਨਾ ਸਭਾ ਦੌਰਾਨ ਜਦੋਂ ਪ੍ਰਾਰਥਨਾ, ਗੀਤ ਗਾਇਨ ਅਤੇ ਪ੍ਰਚਾਰ ਚੱਲ ਰਿਹਾ ਹੁੰਦਾ ਹੈ ਤਾਂ ਪ੍ਰਮੇਸ਼ਵਰ ਦੇ ਲੋਕ ਮੋਬਾਇਲ ਫੋਨ ਅਤੇ ਲੈਪਟੋਪ ਆਦਿ ਦਾ ਇਸਤੇਮਾਲ ਕਰਦੇ ਹਨ।
- ਸਾਡੇ ਪੂਰਵਜਾਂ ਵਾਂਗ, ਅੱਜ ਦੇ ਸਮੇਂ ਦੇ ਵਿਸ਼ਵਾਸੀ ਬਾਈਬਲ, ਗੀਤਾਂ ਦੀ ਕਿਤਾਬ ਅਤੇ ਵਚਨ ਲਿਖਣ ਲਈ ਕਾਪੀ ਨਹੀਂ ਲਿਜਾਂਦੇ ਬਲਕਿ ਮੋਬਾਇਲ ਫੋਨ ਉੱਤੇ ਹੀ ਕਲਾਮ ਦੀਆਂ ਆਇਤਾਂ ਪੜ੍ਹਦੇ ਹਨ। ਇੱਥੋਂ ਤੱਕ ਕਿ ਪਾਸਟਰ ਅਤੇ ਚਰਚ ਮੈਂਬਰ ਵੀ ਗੀਤ ਗਾਉਣ ਲਈ ਅਤੇ ਬਾਈਬਲ ਪੜ੍ਹਨ ਲਈ ਮੋਬਾਇਲ ਇਸਤੇਮਾਲ ਕਰਦੇ ਹਨ।
- ਕਈ ਚਰਚ ਜਾਣ ਵਾਲੇ ਲੋਕ, ਜਦੋਂ ਚਰਚ ਸਭਾ ਚੱਲ ਰਹੀ ਹੁੰਦੀ ਹੈ, ਅੰਦਰ ਜਾਣ ਦੀ ਬਜਾਇ ਚਰਚ ਦੇ ਬਾਹਰ ਖਲੋ ਕੇ ਚਰਚ ਦਾ ਅਨਾਦਰ ਕਰਦੇ ਹਨ। ਕੁਝ ਚਾਹ ਦੀਆਂ ਦੁਕਾਨਾਂ ਤੇ ਅਤੇ ਕੁਝ ਤਾਂ ਸ਼ਰਾਬ ਦੇ ਠੇਕਿਆਂ ਤੇ ਵੀ ਚਲੇ ਜਾਂਦੇ ਹਨ!
- ਮੀਟਿੰਗ ਸਮਾਪਤ ਹੋਣ ਦੇ ਤੁਰੰਤ ਬਾਦ ਕੁਝ ਮੈਂਬਰ ਪਾਸਟਰ ਦੀ ਆਲੋਚਨਾ ਕਰਦੇ ਹਨ ਅਰ ਇਹ ਵਿਖਾਉਂਦੇ ਹਨ ਕਿ ਚਰਚ ਵਿੱਚ ਜਿਆਦਾ ਮਹੱਤਵਪੂਰਨ ਕੌਣ ਹੈ।
- ਕਈ ਕੋਲ ਚਰਚ ਦੇ ਅੰਦਰ ਆਪਣੀ ਤਾਕਤ ਵਿਖਾਉਣ ਲਈ ਰਾਜਨੀਤੀ, ਇੱਕ ਦੂਜੇ ਨਾਲ ਬਾਈਬਲ ਦੀਆਂ ਸਿੱਖਿਆਵਾਂ ਉੱਪਰ ਵਾਦ-ਵਿਵਾਦ ਅਤੇ ਝਗੜੇ ਕਰਦੇ ਹਨ।
- ਕਈ ਹੋਰ ਆਪਣੀਆਂ ਅੱਤ ਮਾਡਰਨ ਪੋਸ਼ਾਕਾਂ ਅਤੇ ਗਹਿਣਿਆਂ ਦਾ ਪ੍ਰਦਰਸ਼ਨ ਕਰਨ ਵਿੱਚ ਰੁਚੀ ਰੱਖਦੇ ਹਨ।
- ਕੁਝ ਹੋਰ ਆਪਣੇ ਛੋਟੇ ਛੋਟੇ ਮਤਭੇਦਾਂ ਨੂੰ ਪੁਲਿਸ ਸਟੇਸ਼ਨ ਅਰ ਕੋਰਟ ਕਚਹਿਰੀਆਂ ਤੱਕ ਲੈ ਜਾਂਦੇ ਹਨ।

ਇਹ ਸਭ ਗੱਲਾਂ ਸਾਡੇ ਜੀਵਿਤ ਪ੍ਰਮੇਸ਼ਵਰ ਨੂੰ ਕਿਵੇਂ ਪਸੰਦ ਆ ਸਕਦੀਆਂ ਹਨ?

ਪ੍ਰਮੇਸ਼ਵਰ ਆਪਣੇ ਸੇਵਕਾਂ ਦੇ ਬਾਰੇ ਵਿੱਚ, ਜੋ ਉਸਦੀ ਸੇਵਕਾਈ ਵਿੱਚ ਹਨ ਕੀ ਆਖਦਾ ਹੈ?

ਪਰ ਦੁਸ਼ਟ ਨੂੰ ਪ੍ਰਮੇਸ਼ਵਰ ਇਉਂ ਆਖਦਾ ਹੈ, "ਤੇਰਾ ਕੀ ਹੱਕ ਹੈ ਜੋ ਮੇਰੀਆਂ ਬਿਧੀਆਂ ਨੂੰ ਸੁਣਾਵੇਂ ਅਤੇ ਤੂੰ ਕਿਉਂ ਆਪਣੇ ਮੂੰਹ ਵਿੱਚ ਮੇਰਾ ਨੇਮ ਲਿਆ ਹੋਇਆ ਹੈ? ਜਦੋਂ ਤੈਨੂੰ ਤਾੜਨਾ ਬੁਰਾ ਲਗਦਾ ਹੈ ਅਤੇ ਤੂੰ ਮੇਰੇ ਬਚਨਾਂ ਨੂੰ ਆਪਣੇ ਪਿੱਛੇ ਸੁੱਟਦਾ ਹੈਂ? ਜਦ ਤੈਂ ਚੋਰ ਨੂੰ ਡਿੱਠਾ ਤਾਂ ਤੂੰ ਉਹ ਦੇ ਨਾਲ ਰਲ ਗਿਆ, ਅਤੇ ਵਿਭਚਾਰੀਆਂ ਦਾ ਸਾਥੀ ਹੋਇਆ। ਤੈਂ ਆਪਣੇ ਮੂੰਹ ਨੂੰ ਬੁਰਿਆਈ ਲਈ ਖੋਲਿਆ ਹੈ ਅਤੇ ਤੇਰੀ ਰਸਨਾ ਧੋਖਾ ਘੜਦੀ ਹੈ। ਤੂੰ ਬਹਿ ਕੇ ਆਪਣੇ ਭਰਾ ਦੇ ਵਿਰੁੱਧ ਬੋਲਦਾ ਹੈਂ, ਆਪਣੇ ਸਕੇ ਭਰਾ ਦੀ ਨਿੰਦਿਆ ਕਰਦਾ ਹੈਂ। ਤੈਂ ਇਹ ਕੰਮ ਕੀਤੇ ਅਤੇ ਮੈਂ ਚੁੱਪ ਵੱਟ ਛੱਡੀ, ਤੈਂ ਸਮਝਿਆ ਕਿ ਪ੍ਰਮੇਸ਼ਵਰ ਵੀ ਠੀਕ ਮੇਰੇ ਵਰਗਾ ਹੈ, ਪਰ ਮੈਂ ਤੈਨੂੰ ਝਿੜਕਾਂਗਾ ਅਰ ਤੇਰੀਆਂ ਅੱਖਾਂ ਦੇ ਸਾਹਮਣੇ ਤੇਰਾ ਦਾਵਾ ਪੇਸ਼ ਕਰਾਂਗਾ" (ਜ਼ਬੂਰ 50:16-21)।

ਜਿਸ ਪ੍ਰਮੇਸ਼ਵਰ ਨੇ ਸਾਨੂੰ ਆਪਣੇ ਕੰਮ ਲਈ ਬੁਲਾਇਆ ਹੈ ਸਾਡੇ ਤੋਂ ਅਰ ਸਾਡੀਆਂ ਸੇਵਾਵਾਂ ਤੋਂ ਨਾਖੁਸ਼ ਹੈ ਅਰ ਉਸਨੇ ਚਰਚਾਂ ਨੂੰ ਬੰਦ ਕਰਨ ਦੀ ਇਜਾਜ਼ਤ ਦਿੱਤੀ ਹੈ ਅਰ ਸਾਡੀਆਂ ਸਭਾਵਾਂ ਤੋਂ ਆਪਣਾ ਮੁੱਖ ਫੇਰ ਲਿਆ ਹੈ। ਸਬਤ ਦੇ ਦਿਨ ਵੀ ਅਸੀਂ ਆਪਣੇ ਖੁਦ ਦੇ ਚਰਚਾਂ ਦਾ ਇਸਤੇਮਾਲ ਨਹੀਂ ਕਰ ਪਾ ਰਹੇ। ਕਿਰਪਾ ਕਰਕੇ 2 ਇਤਿਹਾਸ 29, ਬਿਵਸਥਾ ਸਾਰ 6 ਅਤੇ 28 ਵੀ ਪੜ੍ਹੋ।

2 ਇਤਿਹਾਸ 29:6-8: "ਕਿਉਂ ਜੋ ਸਾਡੇ ਪਿਓ ਦਾਦਿਆਂ ਨੇ ਬੇਈਮਾਨੀ ਕੀਤੀ ਅਤੇ ਜੋ ਯਹੋਵਾਹ ਸਾਡੇ ਪ੍ਰਮੇਸ਼ਵਰ ਦੀ ਨਿਗਾਹ ਵਿੱਚ ਬੁਰਾ ਹੈ ਓਹੀ ਕੀਤਾ ਅਤੇ ਪ੍ਰਮੇਸ਼ਵਰ ਨੂੰ ਵਿਸਾਰ ਦਿੱਤਾ ਅਤੇ ਯਹੋਵਾਹ ਦੇ ਡੇਹਰੇ ਵੱਲੋਂ ਆਪਣਾ ਮੂੰਹ ਮੋੜ ਲਿਆ ਸੀ ਅਤੇ ਉਹ ਦੀ ਵੱਲ ਆਪਣੀ ਪਿੱਠ ਕਰ ਦਿੱਤੀ। ਉਨ੍ਹਾਂ ਨੇ ਡਿਓੜੀ ਦੇ ਦਰਵੱਜੇ ਬੰਦ ਕਰ ਦਿੱਤੇ ਅਰ ਦੀਵੇ ਬੁਝਾ ਦਿੱਤੇ, ਉਨ੍ਹਾਂ ਨੇ ਧੂਪ ਨਹੀਂ ਧੁਖਾਈ ਅਤੇ ਇਸਰਾਏਲ ਦੇ ਪ੍ਰਮੇਸ਼ਵਰ ਦੇ ਪਵਿੱਤਰ ਸਥਾਨ ਵਿੱਚ ਹੋਮ ਦੀ ਬਲੀ ਨਹੀਂ ਚੜ੍ਹਾਈ। ਏਸ ਲਈ ਯਹੋਵਾਹ ਦਾ ਕਹਿਰ ਯਹੂਦਾਹ ਅਤੇ ਯਰੂਸ਼ਲਮ ਉੱਤੇ ਆ ਪਿਆ ਹੈ ਅਤੇ ਉਸਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ ਅਤੇ ਉਨ੍ਹਾਂ ਨੂੰ ਹੌਲ ਅਤੇ ਹੈਰਾਨੀ ਅਤੇ ਧਿਤਕਾਰ ਵਿੱਚ ਪਾ ਦਿੱਤਾ ਜਿਵੇਂ ਤੁਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਹੋ"।

ਬਿਵਸਥਾ ਸਾਰ 6:12-14:

"ਤਾਂ ਤੁਸੀਂ ਚੌਕਸ ਰਹਿਓ ਮਤੇ ਤੁਸੀਂ ਯਹੋਵਾਹ ਨੂੰ ਵਿੱਸਰ ਜਾਓ ਜਿਹੜਾ ਤੁਹਾਨੂੰ ਮਿਸਰ ਦੇਸ਼ ਤੋਂ ਗੁਲਾਮੀ ਦੇ ਘਰ ਤੋਂ ਕੱਢ ਲਿਆਇਆ। ਯਹੋਵਾਹ ਆਪਣੇ ਪ੍ਰਮੇਸ਼ਵਰ ਤੋਂ ਡਰੋ, ਉਸਦੀ ਉਪਾਸਨਾ ਕਰੋ ਅਤੇ ਉਸਦੇ ਨਾਮ ਦੀ ਸਹੁੰ ਖਾਓ। ਤੁਸੀਂ ਦੇਵਤਿਆਂ ਦੇ ਪਿੱਛੇ ਨਾ ਜਾਇਓ ਅਰਥਾਤ ਉਨ੍ਹਾਂ ਲੋਕਾਂ ਦੇ ਦੇਵਤਿਆਂ ਦੇ ਪਿੱਛੇ ਜਿਹੜੇ ਤੁਹਾਡੇ ਆਲੇ ਦੁਆਲੇ ਹਨ"।

ਬਿਵਸਥਾ ਸਾਰ 28:20-22:

ਯਹੋਵਾਹ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਤੁਹਾਡੀਆਂ ਕਰਤੂਤਾਂ ਦੀ ਬੁਰਿਆਈ ਦੇ ਕਾਰਨ ਜਿਨ੍ਹਾਂ ਨਾਲ ਤੁਸਾਂ ਮੈਨੂੰ ਤਿਆਗ ਦਿੱਤਾ ਤੁਹਾਡੇ ਉੱਤੇ ਸਰਾਪ, ਘਬਰਾਹਟ ਅਤੇ ਝਿੜਕ ਪਾਵੇਗਾ ਜਦ ਤੀਕ ਤੁਸੀਂ ਬਰਬਾਦ ਹੋ ਕੇ ਛੇਤੀ ਨਾਸ ਨਾ ਹੋ ਜਾਓ। ਯਹੋਵਾਹ ਤੁਹਾਡੇ ਉੱਤੇ ਬਵਾ ਪਾਵੇਗਾ ਜਦ ਤੀਕ ਉਹ ਤੁਹਾਨੂੰ ਉਸ ਜ਼ਮੀਨ ਉੱਤੋਂ ਮਿਟਾ ਨਾ ਦੇਵੇ ਜਿੱਥੇ ਤੁਸੀਂ ਕਬਜ਼ਾ ਕਰਨ ਲਈ ਜਾਂਦੇ ਹੋ। ਯਹੋਵਾਹ ਤੁਹਾਨੂੰ ਤਪਦਿਕ, ਤਾਪ, ਸੋਜ, ਮੋਹਰਕਾਤਪ, ਤੇਗ, ਸੋਕੜੇ ਅਤੇ ਉੱਲੀ ਨਾਲ ਮਾਰੇਗਾ; ਉਹ ਤੁਹਾਡੇ ਪਿੱਛੇ ਲੱਗੀਆਂ ਰਹਿਣਗੀਆਂ ਜਦ ਤੀਕ ਤੁਸੀਂ ਨਾਸ ਨਾ ਹੋ ਜਾਓ"।

ਦੂਸਰਾ, ਇਹ ਪ੍ਰਭੂ ਯਿਸੂ ਮਸੀਹ ਦੀ ਦੂਸਰੀ ਆਮਦ ਦਾ, ਜਦੋਂ ਉਹ ਸੰਸਾਰ ਦਾ ਨਿਆਂ ਕਰਨ ਲਈ ਆਵੇਗਾ, ਵੀ ਚਿੰਨ੍ਹ ਹੋ ਸਕਦਾ ਹੈ। ਇਹ ਪਵਿੱਤਰ ਬਾਈਬਲ ਵਿੱਚ ਮੱਤੀ 24:4-13 ਵਿੱਚ ਦਰਜ ਹੈ:

ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਚੌਕਸ ਰਹੋ ਭਈ ਕੋਈ ਤੁਹਾਨੂੰ ਭੁਲਾਵੇ ਵਿੱਚ ਨਾ ਪਾਵੇ। ਕਿਉਂ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਆਖਦੇ ਆਉਣਗੇ ਕਿ ਮੈਂ ਮਸੀਹ ਹਾਂ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ। ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਗੇ; ਖ਼ਬਰਦਾਰ ਕਿਤੇ ਘਬਰਾ ਨਾ ਜਾਣਾ ਕਿਉਂ ਜੋ ਇਹ ਗੱਲਾਂ ਤਾਂ ਹੋਣੀਆਂ ਹੀ ਹਨ ਪਰ ਅਜੇ ਅੰਤ ਨਹੀਂ। ਕੌਮ ਕੌਮ ਉੱਤੇ ਅਤੇ ਪਾਤਸ਼ਾਹੀ ਪਾਤਸ਼ਾਹੀ ਉੱਤੇ ਚੜ੍ਹਾਈ ਕਰੇਗੀ ਅਤੇ ਥਾਂ ਥਾਂ ਕਾਲ ਪੈਣਗੇ ਅਤੇ ਭੂਚਾਲ ਆਉਣਗੇ। ਪਰ ਇਹ ਸਭ ਕੁਝ ਪੀੜਾਂ ਦਾ ਅਰੰਭ ਹੈ।

ਤਦ ਉਹ ਤੁਹਾਨੂੰ ਬਿਪਤਾ ਲਈ ਫੜਵਾ ਦੇਣਗੇ ਅਤੇ ਤੁਹਾਨੂੰ ਮਾਰ ਦੇਣਗੇ ਅਰ ਮੇਰੇ ਨਾਮ ਦੇ ਕਾਰਨ ਸਾਰੀਆਂ ਕੌਮਾਂ ਤੁਹਾਡੇ ਨਾਲ ਵੈਰ ਰੱਖਣਗੀਆਂ। ਅਤੇ ਉਸ ਸਮੇਂ ਬਥੇਰੇ ਠੋਕਰ ਖਾਣਗੇ ਅਰ ਇੱਕ ਦੂਏ ਨੂੰ ਫੜਵਾਏਗਾ ਅਤੇ ਇੱਕ ਦੂਏ ਨਾਲ ਵੈਰ ਰੱਖੇਗਾ। ਅਰ ਬਹੁਤ ਝੂਠੇ ਨਬੀ ਉੱਠਣਗੇ ਅਰ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ; ਅਤੇ ਕੁਧਰਮ ਦੇ ਵਧਣ ਕਰਕੇ ਬਹੁਤਿਆਂ ਦੀ ਪ੍ਰੀਤ ਠੰਢੀ ਪੈ ਜਾਵੇਗੀ। ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ"।

ਹਾਲ ਹੀ ਵਿੱਚ ਅਸੀਂ ਸੁਣਿਆਂ ਹੈ ਕਿ ਸੰਸਾਰ ਦੇ ਕੁਝ ਲੀਡਰਾਂ ਨੇ ਸਮਝ ਲਿਆ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਕਾਰਨ ਕੀ ਹੈ। ਇਸ ਲਈ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪ੍ਰਮੇਸ਼ਵਰ ਨੇ ਕੁਝ ਨਵਾਂ ਕਰਨਾ ਅਰੰਭ ਕਰ ਦਿੱਤਾ ਹੈ।

ਇਸ ਕਰਕੇ ਇਨ੍ਹਾਂ ਦਿਨਾਂ ਵਿੱਚ ਪ੍ਰਮੇਸ਼ਵਰ ਦੇ ਸੇਵਕਾਂ ਲਈ ਜ਼ਰੂਰੀ ਹੈ ਕਿ ਉਹ ਆਪਣੀ ਬੁਲਾਹਟ ਤੇ ਮੁੜ ਵਿਚਾਰ ਕਰਨ ਅਤੇ ਆਪਣੀ ਮੁਕਤੀ, ਬਪਤਿਸਮੇ ਅਤੇ ਪਵਿੱਤਰ ਜੀਵਨ ਲਈ ਮੁੜ ਪਸ਼ਚਾਤਾਪ ਕਰਨ। ਚੁੱਪ ਨਾ ਰਹਿ ਕੇ, ਸਾਨੂੰ ਸੰਸਾਰ ਦੇ ਲੋਕਾਂ ਲਈ, ਰਾਜਨੇਤਾਵਾਂ ਲਈ, ਚਰਚਾਂ ਅਤੇ ਵਿਸ਼ਵਾਸੀਆਂ ਲਈ ਜ਼ੋਰਦਾਰ ਪ੍ਰਾਰਥਨਾ ਕਰਨ ਦੀ ਲੋੜ ਹੈ। ਸਰਵ-ਸ਼ਕਤੀਮਾਨ ਪ੍ਰਮੇਸ਼ਵਰ ਇਸ ਸੰਸਾਰ ਦੇ ਲੋਕਾਂ ਉੱਤੇ ਆਪਣੀ ਕਿਰਪਾ ਵਿਖਾਵੇ! ਹੋਰ ਕੋਈ ਰਾਸਤਾ ਨਹੀਂ ਹੈ!!

ਪ੍ਰਮੇਸ਼ਵਰ ਨੂੰ ਸਾਰਾ ਜਲਾਲ ਮਿਲੇ!

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

---

(ਸਫਾ 1 ਤੋਂ ਚਲਦਾ-)

ਅਮਰੀਕਾ, ਰੂਸ, ਇਰਾਨ ਆਦਿ ਦੇਸ਼ਾਂ ਨੇ ਇਸ ਤਬਾਹੀ ਦੀ ਸਭ ਤੋਂ ਵੱਧ ਮਾਰ ਝੱਲੀ ਹੈ। ਭਾਰਤ ਵਿੱਚ ਵੀ ਮਰਨ ਵਾਲੇ ਅਤੇ ਬਿਮਾਰ ਲੋਕਾਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਤੱਕ ਪਹੁੰਚ ਗਈ ਹੈ। ਤਾਮਿਲਨਾਡੂ ਵਿੱਚ ਵੀ ਬਹੁਤ ਮੌਤਾਂ ਹੋ ਚੁੱਕੀਆਂ ਹਨ ਅਤੇ ਹਜ਼ਾਰਾਂ ਲੋਕ ਸੰਕ੍ਰਮਿਤ ਹੋ ਚੁੱਕੇ ਹਨ। ਸਭ ਰਾਜਾਂ ਨੇ ਵੀ ਕੇਂਦਰ ਦੇ ਨਾਲ ਮਿਲਕੇ ਲੌਕਡਾਊਨ ਲਗਾਇਆ ਹੋਇਆ ਹੈ ਕਿ ਇਸ ਹਮਲੇ ਨੂੰ ਕਾਬੂ ਕੀਤਾ ਜਾ ਸਕੇ। ਕੰਮ ਬਹੁਤ ਵੱਡਾ ਹੈ!

ਇਹ ਮਾਰੂ ਵਾਇਰਸ ਨਵੰਬਰ, 2019 ਵਿੱਚ ਚੀਨ ਦੇ ਵੂਹਾਨ ਇਲਾਕੇ ਤੋਂ ਸ਼ੁਰੂ ਹੋਇਆ ਅਤੇ ਥੋੜੇ ਸਮੇਂ ਵਿੱਚ ਹੀ ਬਹੁਤ ਤੇਜੀ ਨਾਲ ਅੱਗ ਵਾਂਗ ਸਮੁੱਚੇ ਸੰਸਾਰ ਵਿੱਚ ਫੈਲ ਗਿਆ। ਇਸ ਵਾਇਰਸ ਦੇ ਇਲਾਜ ਲਈ ਹਾਲੇ ਤੀਕ ਕੋਈ ਪੁਖਤਾ ਦਵਾਈ ਨਹੀਂ ਮਿਲੀ ਹੈ। ਅਜੇ ਤੱਕ ਮਰੀਜ਼ਾਂ ਦਾ ਇਲਾਜ ਉਨ੍ਹਾਂ ਦੇ ਲੱਛਣਾਂ ਦੇ ਅਧਾਰ ਤੇ ਹੀ ਕੀਤਾ ਜਾ ਰਿਹਾ ਹੈ। ਵਾਇਰਸ ਨੂੰ ਕਾਬੂ ਕਰਨ ਲਈ ਦਵਾਈ ਦੀ ਖੋਜ ਜਾਰੀ ਹੈ। ਪਰੰਤੂ ਇਸ ਕੰਮ ਵਿੱਚ ਲੈਬੋਰਟਰੀਆਂ ਨੂੰ ਅਜੇ ਹੋਰ ਸਮਾਂ ਲੱਗੇਗਾ। ਪਰੰਤੂ ਪ੍ਰਮੇਸ਼ਵਰ ਦੀ ਸੰਤਾਨ ਕੋਲ ਪ੍ਰਭੂ ਯਿਸੂ ਮਸੀਹ ਦੇ ਲਹੂ ਦੀ ਤਾਕਤਵਰ ਸੁਰੱਖਿਆ ਹੈ!

ਇੱਕ ਪ੍ਰਸ਼ਨ ਸਾਡੇ ਦਿਮਾਗ ਵਿੱਚ ਉੱਠਦਾ ਹੈ ਕਿ ਸੰਸਾਰ ਵਿੱਚ ਅਜਿਹੀਆਂ ਬਿਪਤਾਵਾਂ ਕਿਉਂ ਆਉਂਦੀਆਂ ਹਨ? ਉੱਤਰ ਬੜਾ ਸਰਲ ਹੈ। ਜਦੋਂ ਲੋਕ ਪ੍ਰਮੇਸ਼ਵਰ ਤੋਂ ਦੂਰ ਹੋ ਜਾਂਦੇ ਹਨ ਤਾਂ ਉਹ ਲੋਕਾਂ ਨੂੰ ਆਪਣੇ ਵੱਲ ਮੋੜਨ ਲਈ ਅਜਿਹੀਆਂ ਚੀਜ਼ਾਂ ਨੂੰ ਅਨੁਮਤੀ ਦਿੰਦਾ ਹੈ।ਪ੍ਰਮੇਸ਼ਵਰ ਨੇ ਇਹ ਸੰਸਾਰ ਆਪਣੇ ਲੋਕਾਂ ਲਈ ਹੀ ਬਣਾਇਆ ਹੈ।ਪ੍ਰਮੇਸ਼ਵਰ ਦੁਸ਼ਟਾਂ, ਨਾਸਤਕਾਂ ਅਤੇ ਵਿਦ੍ਰੋਹੀਆਂ ਨੂੰ ਸੁਧਾਰਨਾ ਚਾਹੁੰਦਾ ਹੈ। ਜਿੰਨੀ ਜਲਦੀ ਉਹ ਪ੍ਰਮੇਸ਼ਵਰ ਕੋਲ ਆ ਜਾਣਗੇ ਉਨੀਂ ਜਲਦੀ ਹੀ ਤਬਾਹੀ ਰੁਕ ਜਾਵੇਗੀ!

## ਨੂਹ ਦੇ ਦਿਨਾਂ ਵਿੱਚ ਤਬਾਹੀ

ਨੂਹ ਦੇ ਦਿਨਾਂ ਵਿੱਚ ਪ੍ਰਮੇਸ਼ਵਰ ਨੇ ਵੇਖਿਆ ਕਿ ਧਰਤੀ ਉੱਤੇ ਮਨੁੱਖ ਦੀ ਬੁਰਾਈ ਬਹੁਤ ਵਧ ਗਈ ਹੈ ਅਤੇ ਜੋ ਕੁੱਝ ਵੀ ਮਨੁੱਖ ਦੇ ਮਨ ਵਿੱਚ ਪੈਦਾ ਹੁੰਦਾ ਹੈ ਉਹ ਬੁਰਾ ਹੀ ਹੁੰਦਾ ਹੈ। ਪ੍ਰਮੇਸ਼ਵਰ ਮਨ ਵਿੱਚ ਦੁਖੀ ਹੋਇਆ ਅਤੇ ਮਨੁੱਖ ਨੂੰ ਬਣਾਉਣ ਕਾਰਨ ਪਛਤਾਇਆ (ਉਤਪਤ 6:5-6)। ਇਸ ਲਈ ਪ੍ਰਮੇਸ਼ਵਰ ਨੇ ਮਨੁੱਖ ਸਮੇਤ ਹਰ ਜਾਨਵਰ, ਰੇਂਗਣ ਵਾਲੇ ਜੀਵ ਅਤੇ ਪੰਛੀ ਨੂੰ ਨਾਸ਼ ਕਰਨ ਦਾ ਫੇਸਲਾ ਕੀਤਾ। ਯਿਸੂ ਮਸੀਹ ਦੇ ਸ਼ਬਦਾਂ ਵਿੱਚ, ਉਨ੍ਹਾਂ ਦਿਨਾਂ ਵਿੱਚ ਲੋਕ ਖਾਂਦੇ-ਪੀਂਦੇ, ਵਿਆਹ ਸ਼ਾਦੀਆਂ ਕਰਦੇ ਸਨ, ਜਦੋਂ ਤੱਕ ਕਿ ਨੂਹ ਕਿਸ਼ਤੀ ਵਿੱਚ ਦਾਖ਼ਲ ਨਹੀਂ ਹੋਇਆ ਅਤੇ ਹੜ੍ਹ ਉਨ੍ਹਾਂ ਉੱਤੇ ਨਾ ਆ ਗਿਆ (ਮੱਤੀ 24:37-39)।

ਕਿਉਂਕਿ ਨੂਹ ਉਸ ਵੇਲੇ ਦੇ ਸਭ ਲੋਕਾਂ ਵਿੱਚੋਂ ਧਰਮੀ ਅਰ ਸੱਚਾ ਮਨੁੱਖ ਸੀ, ਪ੍ਰਮੇਸ਼ਵਰ ਨੇ ਉਸ ਉੱਤੇ ਕਿਰਪਾ ਦੀ ਨਜ਼ਰ ਕੀਤੀ।ਪ੍ਰਮੇਸ਼ਵਰ ਨੂਹ ਅਰ ਉਸਦੇ ਪਰਿਵਾਰ ਨੂੰ ਬਚਾਉਣਾ ਚਾਹੁੰਦਾ ਸੀ ਇਸ ਕਰਕੇ ਉਸਨੇ ਨੂਹ ਨੂੰ ਕਿਸ਼ਤੀ ਬਣਾਉਣ ਲਈ ਆਖਿਆ।ਪ੍ਰਮੇਸ਼ਵਰ ਦੇ ਕਹੇ ਅਨੁਸਾਰ ਨੂਹ ਨੇ ਕਿਸ਼ਤੀ ਬਣਾਈ। ਉਸੇ ਦੌਰਾਨ ਉਸਨੇ ਤੌਬਾ ਦਾ ਪ੍ਰਚਾਰ ਵੀ ਕੀਤਾ। ਪਰੰਤੂ ਲੋਕਾਂ ਨੇ ਉਸਦੀ ਨਾ ਸੁਣੀ ਅਤੇ ਆਪਣੇ ਬੁਰੇ ਮਾਰਗਾਂ ਨੂੰ ਨਾ ਛੱਡਿਆ (1 ਪਤਰਸ 3:20; 2 ਪਤਰਸ 2:5)।

ਪ੍ਰਮੇਸ਼ਵਰ ਨੇ ਨੂਹ ਨੂੰ ਆਖਿਆ ਕਿ ਉਹ ਆਪਣੇ ਪਰਿਵਾਰ ਨਾਲ ਕਿਸ਼ਤੀ ਦੇ ਅੰਦਰ ਚਲਾ ਜਾਵੇ।ਪ੍ਰਮੇਸ਼ਵਰ ਨੇ ਉਸਨੂੰ ਇਹ ਵੀ ਆਖਿਆ ਕਿ ਉਹ ਸ਼ੁੱਧ ਪੰਛੀਆਂ ਅਤੇ ਜਾਨਵਰਾਂ ਦੇ ਸੱਤ ਸੱਤ ਜੋੜੇ ਅਤੇ ਅਸ਼ੁੱਧ ਪ੍ਰਾਣੀਆਂ ਦਾ ਇੱਕ ਇੱਕ ਜੋੜਾ ਕਿਸ਼ਤੀ ਵਿੱਚ ਲੈ ਜਾਵੇ। ਮੀਂਹ ਅਤੇ ਹੜ੍ਹ ਆਇਆ। ਕਿਸ਼ਤੀ ਦਾ ਦਰਵਾਜ਼ਾ ਪ੍ਰਮੇਸ਼ਵਰ ਨੇ ਬੰਦ ਕੀਤਾ ਅਤੇ ਕਿਸ਼ਤੀ ਪਾਣੀ ਉੱਤੇ ਤੈਰਨ ਲੱਗੀ। ਸਭ ਉੱਚੇ ਉੱਚੇ ਪਹਾੜ ਡੁੱਬ ਗਏ। 150 ਦਿਨਾਂ ਤੀਕ ਪਾਣੀ ਧਰਤੀ ਤੇ ਰਿਹਾ। ਸਭ ਜੀਵਿਤ ਪ੍ਰਾਣੀ ਧਰਤੀ ਉੱਤੋਂ ਖਤਮ ਹੋ ਗਏ। ਨੂਹ 1 ਸਾਲ ਅਤੇ 17 ਦਿਨ ਕਿਸ਼ਤੀ ਵਿੱਚ ਰਿਹਾ ਅਤੇ ਪਾਣੀ ਦੇ ਸੁੱਕਣ ਤੇ ਬਾਹਰ ਆਇਆ। ਜਿਨ੍ਹਾਂ ਲੋਕਾਂ ਨੇ ਨੂਹ ਦੀ ਅਵਾਜ਼ ਨਹੀਂ ਸੁਣੀ ਉਹ ਸਭ ਨਾਸ਼ ਹੋ ਗਏ। ਸਮੇਂ ਸਮੇਂ ਤੇ ਪ੍ਰਮੇਸ਼ਵਰ ਆਪਣੇ ਦਾਸਾਂ ਰਾਹੀਂ ਸੰਸਾਰ ਨੂੰ ਚੇਤਾਵਨੀ ਦਿੰਦਾ ਹੈ। ਸਮਝਦਾਰ ਉਸ ਅਵਾਜ਼ ਨੂੰ ਸੁਣਕੇ ਆਪਣੇ ਮਾਰਗਾਂ ਨੂੰ ਸੁਧਾਰ ਲੈਂਦੇ ਹਨ ਅਤੇ ਤਬਾਹੀ ਤੋਂ ਬਚ ਜਾਂਦੇ ਹਨ।

(ਚਲਦਾ ਸਫਾ 6 ਤੇ)

## GREAT COMMISSION PARTNERS -ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ

### 19 ਜੁਲਾਈ 2020 ਤੋਂ 18 ਅਗਸਤ 2020 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

## ਵਡਿਆਈ ਦੇ ਮੁੱਦੇ

19 ਜੁਲਾਈ: ਪ੍ਰਭੂ ਪ੍ਰਮੇਸ਼ਵਰ ਸਾਨੂੰ ਕੋਵਿਡ 19 ਤੋਂ ਬਚਾ ਕੇ ਰੱਖ ਰਿਹਾ ਹੈ।

20 ਜੁਲਾਈ: ਪ੍ਰਮੇਸ਼ਵਰ ਨੇ ਸਾਡੇ ਸਹਾਇਕ ਸੰਪਾਦਕ ਬ੍ਰ. ਪੌਲਰਾਜ ਨੂੰ ਬਿਮਾਰੀ ਤੋਂ ਸ਼ਿਫ਼ਾ ਦਿੱਤੀ ਹੈ।

21 ਜੁਲਾਈ: ਅਸੀਂ ਸਾਡੇ ਸਭ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੀ ਸੁਰੱਖਿਆ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

22 ਜੁਲਾਈ: ਅਸੀਂ ਉਨ੍ਹਾਂ ਪਿਆਰੇ ਦਿਆਲੂ ਲੋਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ ਜਿਨ੍ਹਾਂ ਨੇ ਕੋਰੋਨਾ ਪ੍ਰਭਾਵਿਤਾਂ ਅਰ ਸਾਡੀਆਂ ਸੇਵਕਾਈਆਂ ਦੀ ਮਦਦ ਕੀਤੀ।

23 ਜੁਲਾਈ: ਪ੍ਰਮੇਸ਼ਵਰ ਨੇ ਸਾਡੀ ਸਹਾਇਤਾ ਕੀਤੀ ਕਿ ਅਸੀਂ ਸੁਸਮਾਚਾਰ ਲੈ ਕੇ ਨਵੇਂ ਖੇਤਰਾਂ ਵਿੱਚ ਜਾ ਸਕੇ।

24 ਜੁਲਾਈ: ਅਸੀਂ ਕੋਵਿਡ 19 ਦੌਰਾਨ ਪੀੜਿਤ ਲੋਕਾਂ ਦੀ ਸਹਾਇਤਾ ਕਰ ਸਕੇ।

25 ਜੁਲਾਈ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਸੁਸਮਾਚਾਰ ਲਿਟ੍ਰੇਚਰ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

26 ਜੁਲਾਈ: ਕੋਵਿਡ 19 ਦੌਰਾਨ ਪ੍ਰਮੇਸ਼ਵਰ ਨੇ ਜੂਨ, 2020 ਤੋਂ ਬੁਲਾਵੇ ਦੀ ਗੂੰਜ ਨੂੰ ਮੁੜ ਪ੍ਰਕਾਸ਼ਿਤ ਕਰਨ ਵਿੱਚ ਸਾਡੀ ਮਦਦ ਕੀਤੀ।

27 ਜੁਲਾਈ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੇ ਸਹਾਇਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਹਾਂ।

28 ਜੁਲਾਈ: ਸਾਨੂੰ ਸਾਡੇ ਮਿਸ਼ਨ ਖੇਤਰਾਂ ਦੇ ਕਾਮਿਆਂ ਵੱਲੋਂ ਚੰਗੀਆਂ ਖ਼ਬਰਾਂ ਮਿਲ ਰਹੀਆਂ ਹਨ।

29 ਜੁਲਾਈ: ਸਾਡੀਆਂ ਸੇਵਕਾਈਆਂ ਦੇ ਸਭ ਸਮਰਪਿਤ ਸਟਾਫ ਮੈਂਬਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਹੋਵੇ।

30 ਜੁਲਾਈ: ਪ੍ਰਮੇਸ਼ਵਰ ਨੇ ਸਾਡੇ ਸਭ ਬਾਈਬਲ ਕਾਲਜ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਿਆ।

31 ਜੁਲਾਈ: ਸਾਡਾ ਪ੍ਰਭੂ ਸਾਡੇ ਮੁੱਖ ਪਾਸਟਰ ਰੈਵ. ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

01 ਅਗਸਤ: ਕੋਵਿਡ 19 ਦੌਰਾਨ ਪ੍ਰਮੇਸ਼ਵਰ ਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦਿੱਤੀ।

02 ਅਗਸਤ: ਪ੍ਰਮੇਸ਼ਵਰ ਦੀ ਵਡਿਆਈ ਹੋਵੇ ਕਿ ਉਸਨੇ ਸੇਵਕਾਈ ਦੇ ਸਭ ਕੰਮਾਂ ਨੂੰ ਮੁੜ ਸ਼ੁਰੂ ਕਰਨ ਵਿੱਚ ਸਾਡੀ ਮਦਦ ਕੀਤੀ।

03 ਅਗਸਤ: ਅਸੀਂ ਸੰਸਾਰ ਦੇ ਸਭ ਆਤਮਿਕ ਅਤੇ ਰਾਜਨੀਤਕ ਲੀਡਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

## ਪ੍ਰਾਰਥਨਾ ਦੇ ਮੁੱਦੇ

04 ਅਗਸਤ: ਅਸੀਂ ਸਾਡੇ ਅੰਗ੍ਰੇਜ਼ੀ ਦੇ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰੀਏ।

05 ਅਗਸਤ: ਸੰਸਾਰ ਵਿੱਚੋਂ ਕਰੋਨਾ ਖਾਤਮੇ ਲਈ ਪ੍ਰਾਰਥਨਾ ਕਰੀਏ।

06 ਅਗਸਤ: ਕਰੋਨਾ ਕਾਰਨ ਮਾਰੇ ਗਏ ਲੋਕਾਂ ਦੇ ਦੁਖੀ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ।

07 ਅਗਸਤ: ਸੰਸਾਰ ਦੇ ਲੋਕਾਂ ਦੀ ਤੌਬਾ ਲਈ ਪ੍ਰਾਰਥਨਾ ਕਰੀਏ।

08 ਅਗਸਤ: ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਦੀ ਦਯਾ ਲੋਕਾਂ ਉੱਤੇ ਮੁੜ ਬਹਾਲ ਹੋਵੇ।

09 ਅਗਸਤ: ਭਾਰਤ ਨੂੰ ਸਰਾਪਾਂ ਤੋਂ ਛੁਟਕਾਰਾ ਮਿਲਣ ਲਈ ਪ੍ਰਾਰਥਨਾ ਕਰੀਏ।

10 ਅਗਸਤ: ਸਾਨੂੰ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਵਿੱਚ 2020-2021 ਲਈ ਨਵੇਂ ਵਿਦਿਆਰਥੀਆਂ ਦੀ ਲੋੜ ਹੈ।

11 ਅਗਸਤ: ਪ੍ਰਮੇਸ਼ਵਰ ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

12 ਅਗਸਤ: ਅਸੀਂ ਸਮੁੱਚੇ ਸੰਸਾਰ ਵਿੱਚ ਸ਼ਾਂਤੀ ਬਹਾਲੀ ਲਈ ਪ੍ਰਾਰਥਨਾ ਕਰੀਏ।

13 ਅਗਸਤ: ਅਸੀਂ ਸੰਸਾਰ ਭਰ ਦੇ ਸਭ ਲੋਕਾਂ ਦੀਆਂ ਜ਼ਰੂਰਤਾਂ ਲਈ ਪ੍ਰਾਰਥਨਾ ਕਰੀਏ।

14 ਅਗਸਤ: ਪ੍ਰਮੇਸ਼ਵਰ ਸਮੁੱਚੇ ਸੰਸਾਰ ਵਿੱਚ ਬੇਦਾਰੀ ਨੂੰ ਭੇਜੇ।

15 ਅਗਸਤ: ਪ੍ਰਮੇਸ਼ਵਰ ਨਹਮਯਾਹ ਬਾਈਬਲ ਕਾਲਜਾਂ ਵਿੱਚ ਸਾਲ 2020-2021 ਲਈ ਸਮਰਪਿਤ ਵਿਦਿਆਰਥੀ ਮੁਹੱਈਆ ਕਰੇ।

16 ਅਗਸਤ: ਪ੍ਰਮੇਸ਼ਵਰ ਸਾਡੀ ਮਦਦ ਕਰੇ ਕਿ ਅਸੀਂ ਸਾਡੇ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਵੱਲੋਂ ਲਿਖੀ ਕਿਤਾਬ "ਕਿੰਗਡਮ ਆਫ ਗੌਡ" ਨੂੰ ਜਲਦੀ ਹੀ ਪ੍ਰਕਾਸ਼ਿਤ ਕਰ ਸਕੀਏ।

17 ਅਗਸਤ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਬਹੁਭਾਂਤੀ ਸੇਵਕਾਈਆਂ ਲਈ ਪ੍ਰਾਰਥਨਾ ਕਰੀਏ।

18 ਅਗਸਤ: ਅਸੀਂ ਸਾਡੇ ਮਿਸ਼ਨ ਖੇਤਰਾਂ ਵਿੱਚ ਕੰਮ ਕਰ ਰਹੇ ਸੇਵਕਾਂ ਲਈ ਪ੍ਰਾਰਥਨਾ ਕਰੀਏ।

(ਚਲਦਾ ਸਫਾ 4 ਤੋਂ)

## ਸਦੂਮ ਅਮੂਰਾਹ ਦਾ ਨਿਆਂ

ਸਦੂਮ ਅਤੇ ਅਮੂਰਾਹ ਯਰਦਨ ਦੇ ਮੈਦਾਨ ਵਿੱਚ ਨੇੜੇ-ਨੇੜੇ ਵੱਸੇ ਹੋਏ ਦੋ ਨਗਰ ਸਨ। ਸਦੂਮ ਵਿੱਚ ਅਬਰਾਹਾਮ ਦਾ ਭਤੀਜਾ ਲੂਤ ਰਹਿੰਦਾ ਸੀ। ਇਨ੍ਹਾਂ ਦੋਨਾਂ ਨਗਰਾਂ ਦੇ ਲੋਕ ਨੂਹ ਦੇ ਸਮੇਂ ਦੇ ਬਾਕੀ ਸਭਨਾਂ ਲੋਕਾਂ ਤੋਂ ਵੱਧ ਹਿੰਸਕ, ਭ੍ਰਿਸ਼ਟ ਅਰ ਕੁਧਰਮੀ ਸਨ। ਤਿੰਨ ਮਨੁੱਖ (ਸਵਰਗਦੂਤ) ਜੋ ਅਬਰਾਹਾਮ ਨੂੰ ਮਿਲੇ ਸਨ ਅਰ ਉਸ ਕੋਲ ਭੋਜਨ ਕੀਤਾ ਸੀ, ਇਨ੍ਹਾਂ ਨਗਰਾਂ ਵਿੱਚ ਜਾਣਾ ਚਾਹੁੰਦੇ ਸਨ। ਸ਼ਾਮ ਵੇਲੇ ਉਹ ਲੂਤ ਨੂੰ ਮਿਲੇ। ਉਸਨੇ ਦੋਨਾਂ ਮਨੁੱਖਾਂ ਨੂੰ ਉਸਦੇ ਘਰ ਰਾਤ ਬਿਤਾਉਣ ਲਈ ਬੇਨਤੀ ਕੀਤੀ। ਉਹ ਰਾਜ਼ੀ ਹੋ ਗਏ ਅਤੇ ਉਨ੍ਹਾਂ ਲੂਤ ਨਾਲ ਖਾਣਾ ਖਾਧਾ। ਉਹ ਹਾਲੇ ਲੰਮੇ ਵੀ ਨਹੀਂ ਪਏ ਸਨ ਕਿ ਸਦੂਮ ਅਰ ਅਮੂਰਾਹ ਦੇ ਸਭ ਗੱਭਰੂ ਅਰ ਬੁੱਢੇ ਇਕੱਠੇ ਹੋ ਕੇ ਆ ਗਏ ਅਰ ਲੂਤ ਨੂੰ ਧੱਕੇ ਨਾਲ ਆਖਣ ਲੱਗੇ ਕਿ ਉਨ੍ਹਾਂ ਦੋਹਾਂ ਮਨੁੱਖਾਂ ਨੂੰ ਬਾਹਰ ਲਿਆ ਤਾਂ ਜੋ ਅਸੀਂ ਉਨ੍ਹਾਂ ਨੂੰ ਜਾਣੀਏ। ਲੂਤ ਨੇ ਆਖਿਆ ਉਹ ਉਸਦੀਆਂ ਦੋ ਧੀਆਂ ਨੂੰ ਲੈ ਲੈਣ ਪਰੰਤੂ ਉਹ ਰਾਜ਼ੀ ਨਾ ਹੋਏ। ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਅੰਨ੍ਹੇ ਕਰ ਦਿੱਤਾ ਅਰ ਉਹ ਬੂਹਾ ਵੀ ਨਾ ਲੱਭ ਸਕੇ।ਪ੍ਰਮੇਸ਼ਵਰ ਨੇ ਲੂਤ ਨੂੰ ਆਖਿਆ ਕਿ ਉਹ ਆਪਣੀ ਪਤਨੀ ਅਰ ਧੀਆਂ ਨੂੰ ਲੈ ਕੇ ਨਗਰ ਵਿੱਚੋਂ ਛੇਤੀ ਨਾਲ ਬਾਹਰ ਨਿਕਲ ਜਾਵੇ ਕਿਉਂਕਿ ਉਹ ਨਗਰ ਦਾ ਨਾਸ਼ ਕਰਨ ਜਾ ਰਿਹਾ ਹੈ।ਪ੍ਰਮੇਸ਼ਵਰ ਨੇ ਆਖਿਆ, “ਆਪਣੀ ਜਾਨ ਲੈ ਕੇ ਭੱਜ ਜਾ! ਆਪਣੇ ਪਿੱਛੇ ਨਾ ਵੇਖੀਂ ਅਰ ਸਾਰੇ ਦੂਣ ਵਿੱਚ ਕਿਤੇ ਨਾ ਠਹਿਰੀਂ। ਪਹਾੜ ਨੂੰ ਭੱਜ ਜਾ ਅਜਿਹਾ ਨਾ ਹੋਵੇ ਕਿ ਤੂੰ ਭਸਮ ਹੋ ਜਾਵੇਂ” (ਉਤਪਤ 19:17)। ਤੜ੍ਹਕੇ ਹੀ ਪ੍ਰਮੇਸ਼ਵਰ ਨੇ ਅਕਾਸ਼ ਤੋਂ ਗੰਧਕ ਅਰ ਅੱਗ ਬਰਸਾ ਕੇ ਦੋਨ੍ਹਾਂ ਨਗਰਾਂ ਦਾ ਨਾਸ਼ ਕਰ ਦਿੱਤਾ।

ਸਮਲਿੰਗੀ ਇੱਕ ਗੰਭੀਰ ਪਾਪ ਹੈ। ਇਹ ਲੂਤ ਦੇ ਸਮੇਂ ਵਿੱਚ ਵੀ ਪ੍ਰਚਲਿਤ ਸੀ।ਪ੍ਰਮੇਸ਼ਵਰ ਇਸ ਪਾਪ ਤੋਂ ਘਿਰਣਾ ਕਰਦਾ ਸੀ ਅਰ ਉਸਨੇ ਇਸ ਪਾਪ ਨੂੰ ਕਰਨ ਵਾਲੇ ਦੋਨਾਂ ਨਗਰਾਂ ਦਾ ਨਾਸ਼ ਕਰ ਦਿੱਤਾ। ਇਹ ਪਾਪ ਅੱਜ ਵੀ ਸੰਸਾਰ ਵਿੱਚ ਮੌਜੂਦ ਹੈ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੇ ਕਨੂੰਨੀ ਤੌਰ ਤੇ ਵੀ ਇਸਦੀ ਪ੍ਰਵਾਨਗੀ ਦੇ ਦਿੱਤੀ ਹੈ। ਆਦਮੀ ਦੀ ਆਦਮੀ ਨਾਲ ਅਤੇ ਔਰਤ ਦੀ ਔਰਤ ਨਾਲ ਸ਼ਾਦੀ ਕੀਤੀ ਜਾ ਰਹੀ ਹੈ। ਸੰਸਾਰ ਨੂੰ ਇਸ ਪਾਪ ਨੂੰ ਛੱਡ ਕੇ ਇਸਤੋਂ ਬਾਹਰ ਆਉਣ ਦੀ ਲੋੜ ਹੈ। ਜਦੋਂ ਕੌਮਾਂ ਪ੍ਰਮੇਸ਼ਵਰ ਦੀ ਯੋਜਨਾ ਦੇ ਵਿਰੁੱਧ ਚੱਲਦੀਆਂ ਹਨ ਤਾਂ ਪ੍ਰਮੇਸ਼ਵਰ ਆਪਣੇ ਨਿਆਂ ਨੂੰ ਹੜ੍ਹਾਂ, ਮਹਾਂਮਾਰੀਆਂ, ਭੂਚਾਲਾਂ ਆਦਿ ਦੇ ਰੂਪ ਵਿੱਚ ਘੱਲਦਾ ਹੈ।

## ਮਰੀ ਥੰਮ੍ਹ ਗਈ

ਰਾਜਾ ਦਾਊਦ ਦੇ ਦਿਨਾਂ ਵਿੱਚ ਪ੍ਰਮੇਸ਼ਵਰ ਨੇ ਮਰੀ ਨੂੰ ਰੋਕਿਆ। ਦਾਊਦ ਨੇ ਪ੍ਰਮੇਸ਼ਵਰ ਦੀ ਆਗਿਆ ਤੋਂ ਬਿਨਾਂ ਹੀ ਆਪਣੇ ਸੈਨਾਪਤੀ ਜੋਆਬ ਨੂੰ ਇਸਰਾਏਲ ਅਰ ਯਹੂਦਾਹ ਦੇ ਲੋਕਾਂ ਦੀ ਗਣਨਾ ਕਰਨ ਲਈ ਆਖ ਦਿੱਤਾ। ਦਾਊਦ ਨੇ ਯੁੱਧ ਆਪਣੀ ਨਹੀਂ ਬਲਕਿ ਪ੍ਰਮੇਸ਼ਵਰ ਦੀ ਤਾਕਤ ਨਾਲ ਜਿੱਤੇ ਸਨ। ਇਸ ਲਈ ਉਸਨੂੰ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਸੀ। ਤਲਵਾਰ ਚਲਾਉਣ ਯੋਗ ਪੁਰਖਾਂ ਦੀ ਗਿਣਤੀ ਕੀਤੀ ਗਈ। ਇਸਰਾਏਲ ਵਿੱਚ 8 ਲੱਖ ਅਤੇ ਯਹੂਦਾਹ ਵਿੱਚ 5 ਲੱਖ ਅਜਿਹੇ ਪੁਰਖ ਸਨ। ਦਾਊਦ ਨੂੰ ਅਹਿਸਾਸ ਹੋ ਗਿਆ ਕਿ ਉਸਨੇ ਇਹ ਗਲਤ ਕੀਤਾ ਹੈ।

ਗਾਦ ਨਬੀ ਦੇ ਰਾਹੀਂ ਪ੍ਰਮੇਸ਼ਵਰ ਦਾ ਫਰਮਾਨ ਆਇਆ। ਦਾਊਦ ਨੇ ਇਨ੍ਹਾਂ ਵਿੱਚੋਂ ਇੱਕ ਨੂੰ ਚੁਣਨਾ ਸੀ: ਦੇਸ਼ ਵਿੱਚ ਸੱਤ ਸਾਲ ਦਾ ਅਕਾਲ, ਆਪਣੇ ਦੁਸ਼ਮਣਾਂ ਸਾਹਮਣੇ ਤਿੰਨ ਮਹੀਨੇ ਲਈ ਭਗੌੜਾ ਹੋਣਾ ਜਾਂ ਦੇਸ਼ ਵਿੱਚ ਤਿੰਨ ਦਿਨ ਲਈ ਮਰੀ।

ਦਾਊਦ ਬਹੁਤ ਵੱਡੀ ਦੁਵਿਧਾ ਵਿੱਚ ਸੀ। ਉਹ ਚੋਣ ਨਾ ਕਰ ਸਕਿਆ। ਉਸਨੇ ਗਾਦ ਨਬੀ ਨੂੰ ਅਖਿਆ, “ਮੈਂ ਵੱਡੇ ਪਵਾੜੇ ਵਿੱਚ ਫਸਿਆ ਹੋਇਆ ਹਾਂ! ਹੁਣ ਅਸੀਂ ਯਹੋਵਾਹ ਦੇ ਹੱਥ ਵਿੱਚ ਪਈਏ ਕਿਉਂ ਜੋ ਉਸਦੀ ਵੱਡੀ ਕਿਰਪਾ ਹੈ ਪਰ ਮਨੁੱਖ ਦੇ ਹੱਥ ਵਿੱਚ ਨਾ ਪਈਏ” (2 ਸਮੂਏਲ 24:14)।

ਪ੍ਰਮੇਸ਼ਵਰ ਨੇ ਇਸਰਾਏਲ ਵਿੱਚ ਮਰੀ ਭੇਜੀ ਅਰ ਸੱਤਰ ਹਜ਼ਾਰ ਮਨੁੱਖ ਮਰ ਗਏ। ਪਰੰਤੂ ਜਦੋਂ ਦੂਤ ਆਪਣਾ ਹੱਥ ਯਰੂਸ਼ਲਮ ਵੱਲ ਵਧਾਉਣ ਲੱਗਾ ਤਾਂ ਪ੍ਰਮੇਸ਼ਵਰ ਦੁਖੀ ਹੋਇਆ ਅਰ ਉਸਨੇ ਦੂਤ ਆਖਿਆ, “ਬੱਸ ਬਹੁਤ ਹੋ ਚੁੱਕੀ ਹੈ, ਹੁਣ ਆਪਣਾ ਹੱਥ ਢਿੱਲਾ ਕਰ”। ਮਰੀ ਥੰਮ੍ਹ ਗਈ। ਜਦੋਂ ਦਾਊਦ ਨੇ ਆਪਣੀ ਗਲਤੀ ਮੰਨੀ ਅਰ ਪ੍ਰਮੇਸ਼ਵਰ ਦੀ ਮਰਜ਼ੀ ਅੱਗੇ ਝੁਕਿਆ ਤਾਂ ਯਰੂਸ਼ਲਮ ਬਚ ਗਿਆ।

## ਪ੍ਰਮੇਸ਼ਵਰ ਕੀ ਚਾਹੁੰਦਾ ਹੈ?

ਪ੍ਰਮੇਸ਼ਵਰ ਨੂੰ ਆਪਣੇ ਲੋਕਾਂ ਤੋਂ ਬੜੀ ਉਮੀਦ ਸੀ ਪਰੰਤੂ ਉਹ ਬੇਕਾਰ ਬਣ ਗਏ।

ਮੈਂ ਤੈਨੂੰ ਇੱਕ ਖਰੀ ਦਾਖ ਕਰਕੇ ਲਾਇਆ ਜੋ ਸਰਾਸਰ ਖਾਲਸ ਬੀ ਤੋਂ ਸੀ, ਫੇਰ ਤੂੰ ਕਿਵੇਂ ਮੇਰੇ ਲਈ ਜੰਗਲੀ ਦਾਖ ਦੀਆਂ ਵਿਗੜੀਆਂ ਹੋਈਆਂ ਕੁੰਬਲਾਂ ਵਿੱਚ ਬਦਲ ਗਈ? (ਯਿਰਮਿਯਾਹ 2:21)

ਪ੍ਰਮੇਸ਼ਵਰ ਆਪਣੇ ਲੋਕਾਂ ਤੋਂ ਖੁਸ਼ ਨਹੀਂ ਹੁੰਦਾ ਜਦੋਂ ਉਹ ਝੂਠ ਬੋਲਦੇ ਅਰ ਉਸਨੂੰ ਭੁੱਲ ਜਾਂਦੇ ਹਨ।

ਤੂੰ ਕਿਹ ਤੋਂ ਝਕੀ ਅਰ ਡਰੀ ਭਈ ਤੂੰ ਮੈਨੂੰ ਝੂਠ ਬੋਲੀ ਅਰ ਮੈਨੂੰ ਚੇਤੇ ਨਾ ਕੀਤਾ, ਨਾ ਆਪਣੇ ਦਿਲ ਉੱਤੇ ਰੱਖਿਆ? ਕੀ ਮੈਂ ਚਰੋਕਣਾ ਚੁੱਪ ਨਾ ਰਿਹਾ? ਪਰ ਤੂੰ ਮੈਥੋਂ ਨਾ ਡਰੀ! (ਯਸਾਯਾਹ 57:11)

ਤਾਂ ਵੀ ਪ੍ਰਮੇਸ਼ਵਰ ਦਿਆਲੂ ਅਤੇ ਮਾਫ਼ ਕਰਨ ਵਾਲਾ ਹੈ। ਉਹ ਆਖਦਾ ਹੈ:

ਮੈਂ ਸਦਾ ਨਾ ਝਗੜਾਂਗਾ, ਨਾ ਸਦਾ ਕੋਪਵਾਨ ਰਹਾਂਗਾ; ਕਿਉਂ ਜੋ ਆਤਮਾ ਮੇਰੇ ਹਜ਼ੂਰੋਂ ਨਢਾਲ ਹੋ ਜਾਂਦਾ, ਨਾਲੇ ਪ੍ਰਾਣ ਜਿੰਨਾਂ ਨੂੰ ਮੈਂ ਬਣਾਇਆ। (ਯਸਾਯਾਹ 57:16)

ਹੁਣ ਪ੍ਰਮੇਸ਼ਵਰ ਆਪਣੇ ਲੋਕਾਂ ਨੂੰ ਆਖਦਾ ਹੈ:

ਆਪਣੇ ਸਾਰੇ ਦਿਲ ਨਾਲ ਮੇਰੀ ਵੱਲ ਮੁੜੋ, ਵਰਤ ਨਾਲ, ਰੋਣ ਨਾਲ ਅਤੇ ਛਾਤੀ ਪਿੱਟਣ ਨਾਲ। ਆਪਣੇ ਦਿਲਾਂ ਨੂੰ ਪਾੜੋ ਨਾ ਕਿ ਆਪਣੇ ਕੱਪੜੇ; ਯਹੋਵਾਹ ਆਪਣੇ ਪ੍ਰਮੇਸ਼ਵਰ ਵੱਲ ਮੁੜੋ, ਉਹ ਤਾਂ ਦਿਆਲੂ ਅਤੇ ਕਿਰਪਾਲੂ ਹੈ, ਗੁੱਸੇ ਵਿੱਚ ਧੀਰਜੀ ਅਤੇ ਭਲਿਆਈ ਨਾਲ ਭਰਪੂਰ, ਅਤੇ ਦੁੱਖ ਦੇਣ ਤੋਂ ਪਛਤਾਉਂਦਾ ਹੈ। (ਯੋਏਲ 2:12,13)

ਇਹ ਸਮਾਂ ਹੈ ਕਿ ਪ੍ਰਮੇਸ਼ਵਰ ਦੇ ਲੋਕ ਵਿਚਾਰ ਕਰਨ ਕਿ ਅਸੀਂ ਕਿੱਥੇ ਗਲਤੀ ਕੀਤੀ ਹੈ। ਜਦੋਂ ਅਸੀਂ ਪ੍ਰਮੇਸ਼ਵਰ ਕੋਲ ਆਏ ਸੀ ਤਾਂ ਸਾਡੇ ਅੰਦਰ ਪਿਆਰ ਅਤੇ ਜਜ਼ਬਾ ਸੀ ਅਤੇ ਅਸੀਂ ਉਸਦੇ ਰਾਹਾਂ ਵਿੱਚ ਖਰਾਈ ਨਾਲ ਚੱਲਦੇ ਸੀ। ਅਫ਼ਸੁਸ ਦੀ ਕਲੀਸਿਆ ਨੂੰ ਪ੍ਰਭੂ ਆਖਦਾ ਹੈ, “ਤਾਂ ਵੀ ਮੈਨੂੰ ਤੇਰੇ ਉੱਤੇ ਇਹ ਗਿਲਾ ਹੈ ਕਿ ਤੂੰ ਆਪਣਾ ਪਹਿਲਾ ਪ੍ਰੇਮ ਛੱਡ ਬੈਠਾ ਹੈਂ” (ਪ੍ਰਕਾਸ਼ ਦੀ ਪੋਥੀ 2:4)।

ਇਹ ਸੱਚ ਹੈ ਕਿ ਸਾਡੇ ਬਹੁਤ ਸਾਰੇ ਲੋਕ ਸੰਸਾਰਕ ਬਣ ਗਏ ਹਨ ਅਤੇ ਚਰਚ ਵੀ ਨਹੀਂ ਜਾਂਦੇ। ਹਰੇਕ ਐਤਵਾਰ ਨੂੰ, ਵਿਸ਼ੇਸ਼ ਤੌਰ ਤੇ ਯੂਰਪ ਦੇ ਦੇਸ਼ਾਂ ਵਿੱਚ ਚਰਚ ਆਪਣੇ ਦਰਵਾਜ਼ੇ ਖੋਲਦੇ ਹਨ ਕਿ ਲੋਕ ਅਰਾਧਨਾ ਲਈ ਆਉਣ। ਪਰੰਤੂ ਬਹੁਤ ਥੋੜੇ ਲੋਕ ਹੀ ਚਰਚ ਅੰਦਰ ਅਰਾਧਨਾ ਲਈ ਆਉਂਦੇ ਹਨ। ਜਿਆਦਾਤਰ ਚਰਚ ਅਤੇ ਬੈਂਚ ਖਾਲੀ ਹੀ ਰਹਿੰਦੇ ਹਨ। ਕਈ ਚਰਚ ਤਾਂ ਕਲੀਸਿਆ ਦੇ ਨਾ ਆਉਣ ਕਰਕੇ ਸਿਨੇਮਾ ਅਤੇ ਡਾਂਸ ਹਾਲ ਹੋਣ ਲਈ ਵੇਚ ਵੀ ਦਿੱਤੇ ਗਏ ਹਨ। ਕਈ ਸ਼ਰਾਬ ਦੇ ਠੇਕਿਆਂ ਵਿੱਚ ਬਦਲ ਗਏ। ਕੀ ਪ੍ਰਮੇਸ਼ਵਰ ਇਸ ਨਾਲ ਖੁਸ਼ ਹੋਵੇਗਾ? ਬਹੁਤ ਘੱਟ ਲੋਕ ਹੀ ਪ੍ਰਮੇਸ਼ਵਰ ਅਤੇ ਉਸਦੀ

ਅਰਾਧਨਾ ਦੀ ਚਾਹਤ ਰੱਖਦੇ ਹਨ। ਇਹਨਾਂ ਹੰਗਾਮੀ ਹਲਾਤਾਂ ਵਿੱਚ ਸਾਨੂੰ ਜਾਂਚਣਾ ਪਵੇਗਾ ਕਿ ਅਸੀਂ ਕਿੱਥੇ ਹਾਂ? ਇਸ ਲਈ ਅਸੀਂ ਦਯਾ ਦੇ ਸਿੰਘਾਸਨ ਕੋਲ ਹੰਝੂਆਂ, ਵਿਰਪਾਲ ਅਤੇ ਟੁੱਟੇ ਹਿਰਦਿਆਂ ਨਾਲ ਚੱਲੀਏ। ਸਾਡਾ ਪ੍ਰਭੂ ਅੱਜ ਵੀ ਦਿਆਲੂ ਅਰ ਕਿਰਪਾਲੂ ਹੈ!

## ਪ੍ਰਾਰਥਨਾ ਦੀ ਸਮਰੱਥ

ਯਹੂਦਾਹ ਦਾ ਰਾਜਾ ਹਿਜ਼ਕਿਯਾਹ ਬਿਮਾਰ ਅਰ ਮਰਨ ਕੰਢੇ ਸੀ। ਯਸਾਯਾਹ ਨਬੀ ਉਸ ਕੋਲ ਗਿਆ ਅਰ ਬੋਲਿਆ, "ਆਪਣੇ ਪਰਿਵਾਰ ਉੱਤੇ ਜਿੰਮੇਵਾਰੀ ਪਾ ਦੇ ਕਿਉਂ ਜੋ ਤੂੰ ਮਰਨਾਊ ਹੈਂ ਅਰ ਬਚੇਂਗਾ ਨਹੀਂ" ਹਿਜ਼ਕਿਯਾਹ ਕੰਧ ਵੱਲ ਫਿਰ ਕੇ ਪ੍ਰਮੇਸ਼ਵਰ ਅੱਗੇ ਇੰਝ ਪ੍ਰਾਰਥਨਾ ਕਰਨ ਲੱਗਾ:

ਛੇਤੇ ਕਰ ਭਈ ਮੈਂ ਕਿਵੇਂ ਵਫ਼ਾਦਾਰੀ ਨਾਲ ਤੇ ਪੂਰੇ ਦਿਲ ਨਾਲ ਤੇਰੇ ਹਜ਼ੂਰ ਚੱਲਦਾ ਰਿਹਾ ਹਾਂ ਅਰ ਜੋ ਤੇਰੀ ਨਿਗਾਹ ਵਿੱਚ ਭਲਾ ਹੈ ਓਹੋ ਮੈਂ ਕੀਤਾ ਹੈ, ਤਾਂ ਹਿਜ਼ਕਿਯਾਹ ਭੁੱਬਾਂ ਮਾਰ ਕੇ ਰੋਇਆ। (2 ਰਾਜਿਆਂ 20:3)

ਨਬੀ ਹਾਲੇ ਬਾਹਰ ਹੀ ਨਿਕਲਿਆ ਸੀ ਕਿ ਪ੍ਰਮੇਸ਼ਵਰ ਦਾ ਵਚਨ ਦੁਬਾਰਾ ਆਇਆ ਅਤੇ ਉਹ ਵਾਪਿਸ ਜਾ ਕੇ ਬੋਲਿਆ, "ਮੈਂ ਤੇਰੀ ਪ੍ਰਾਰਥਨਾ ਸੁਣੀ ਹੈ, ਮੈਂ ਤੇਰੇ ਅੱਥਰੂ ਵੇਖ ਲਏ ਹਨ; ਵੇਖ ਮੈਂ ਤੈਨੂੰ ਅੱਛਾ ਕਰਨ ਵਾਲਾ ਹਾਂ, ਤੀਜੇ ਦਿਹਾੜੇ ਤੂੰ ਪ੍ਰਮੇਸ਼ਵਰ ਦੇ ਭਵਨ ਵਿੱਚ ਜਾਏਂਗਾ; ਅਤੇ ਮੈਂ ਤੇਰੇ ਦਿਨਾਂ ਵਿੱਚ ਪੰਦਰਾਂ ਵਰ੍ਹੇ ਹੋਰ ਵਧਾਵਾਂਗਾ ਅਤੇ ਮੈਂ ਤੈਨੂੰ ਤੇ ਤੇਰੇ ਸ਼ਹਿਰ ਨੂੰ ਅੱਸ਼ੂਰ ਦੇ ਪਾਤਸ਼ਾਹ ਹੱਥੋਂ ਛੁਡਾਵਾਂਗਾ ਅਤੇ ਆਪਣੇ ਨਮਿੱਤ ਅਰ ਆਪਣੇ ਦਾਸ ਦਾਊਦ ਦੇ ਨਮਿੱਤ ਇਸ ਸ਼ਹਿਰ ਨੂੰ ਸਾਂਭ ਰੱਖਾਂਗਾ" (2 ਰਾਜਿਆਂ 20:5,6)। ਹਿਜ਼ਕਿਯਾਹ ਵਾਂਗ ਅਸੀਂ ਵੀ ਪ੍ਰਮੇਸ਼ਵਰ ਦੇ ਕਦਮਾਂ ਵਿੱਚ ਹੰਝੂਆਂ ਅਰ ਪ੍ਰਾਰਥਨਾਵਾਂ ਨਾਲ ਡਿੱਗੀਏ।ਪ੍ਰਮੇਸ਼ਵਰ ਸਾਡੇ ਹੰਝੂਆਂ ਨੂੰ ਵੇਖਕੇ ਅਰ ਸਾਡੀਆਂ ਪ੍ਰਾਰਥਨਾਵਾਂ ਨੂੰ ਸੁਣਕੇ ਸਾਨੂੰ ਅਰ ਸਮੁੱਚੇ ਸੰਸਾਰ ਨੂੰ ਇਸ ਵਾਇਰਸ ਦੇ ਭਿਆਨਕ ਹਮਲੇ ਤੋਂ ਛੁਟਕਾਰਾ ਦੇਵੇਗਾ।

ਪ੍ਰਮੇਸ਼ਵਰ ਦੇ ਬਹੁਤ ਸਾਰੇ ਭਗਤ ਅਰ ਸੇਵਕ ਪੂਰੇ ਸੰਸਾਰ ਵਿੱਚ ਟੁੱਟੇ ਹਿਰਦਿਆਂ ਨਾਲ ਪ੍ਰਮੇਸ਼ਵਰ ਦੀ ਦਯਾ ਲਈ ਪ੍ਰਾਰਥਨਾਵਾਂ ਕਰ ਰਹੇ ਹਨ। ਸਮਾਚਾਰ ਚੈਨਲ ਵਿਖਾ ਰਹੇ ਹਨ ਕਿ ਕਿਵੇਂ ਲੋਕ ਆਪਣੇ ਘਰਾਂ 'ਚੋਂ ਬਾਹਰ ਨਿਕਲ ਕੇ ਗਲੀਆਂ ਵਿੱਚ ਗੋਡੇ ਟੇਕ ਕੇ ਅਰ ਮੂਧੇ ਲੰਮੇ ਪੈ ਕੇ, ਹੱਥ ਫੈਲਾ ਕੇ ਪ੍ਰਮੇਸ਼ਵਰ ਅੱਗੇ ਦਯਾ ਲਈ ਬੇਨਤੀਆਂ ਕਰ ਰਹੇ ਹਨ। ਉਹ ਦਰਦ ਅਰ ਬੋਝ ਨਾਲ ਭਰੇ ਹੋਏ ਹਨ!

ਇਹ ਪ੍ਰਾਰਥਨਾਵਾਂ ਸਾਨੂੰ ਅਜ਼ਰਾ ਦੀ ਪ੍ਰਾਰਥਨਾ ਦੀ ਯਾਦ ਦਿਲਾਉਂਦੀਆਂ ਹਨ ਜੋ ਉਸਨੇ ਬਾਬੁਲ ਦੀ ਗੁਲਾਮੀ 'ਚੋਂ ਬਾਹਰ ਆਣ ਕੇ ਕੀਤੀ। ਉਸਨੇ ਵੇਖਿਆ ਕਿ ਪਵਿੱਤਰ ਬੀਜ ਦੀ ਬੇਅਦਬੀ ਹੋ ਰਹੀ ਸੀ ਅਤੇ ਵੱਡਾ ਆਤਮਿਕ ਅਤੇ ਨੈਤਿਕ ਪਤਨ ਹੋ ਰਿਹਾ ਸੀ। ਉਸਨੇ ਉਪਵਾਸ ਕੀਤਾ, ਅਰ ਕੱਪੜੇ ਪਾੜ ਕੇ, ਆਪਣੇ ਗੋਡਿਆਂ ਤੇ ਆ ਕੇ ਪ੍ਰਮੇਸ਼ਵਰ ਅੱਗੇ ਹੱਥ ਫੈਲਾਏ। ਉਸਨੇ ਪ੍ਰਮੇਸ਼ਵਰ ਦੀਆਂ ਬਰਕਤਾਂ ਨੂੰ, ਉਸਦੀ ਮਹਾਨਤਾ ਨੂੰ ਅਤੇ ਲੋਕਾਂ ਦੇ ਪਾਪ ਨੂੰ ਚੇਤੇ ਕੀਤਾ। ਉਸਨੇ ਆਪਣੀ ਪ੍ਰਾਰਥਨਾ ਨੂੰ ਇੰਝ ਖ਼ਤਮ ਕੀਤਾ, "ਹੇ ਯਹੋਵਾਹ, ਇਸਰਾਏਲ ਦੇ ਪ੍ਰਮੇਸ਼ਵਰ ਤੂੰ ਧਰਮਾਤਮਾ ਹੈਂ ਤਾਂ ਹੀ ਅਸੀਂ ਅੱਜ ਤੀਕ ਛੁਡਾਏ ਹੋਏ ਰਹਿੰਦੇ ਹਾਂ! ਵੇਖ ਅਸੀਂ ਆਪਣੇ ਦੋਸ਼ਾਂ ਵਿੱਚ ਤੇਰੇ ਸਨਮੁਖ ਹਾਂ ਕਿਉਂਕਿ ਕੌਣ ਹੈ ਜੋ ਇਨ੍ਹਾਂ ਦੇ ਕਾਰਨ ਤੇਰੇ ਹਜ਼ੂਰ ਖੜਾ ਰਹਿ ਸਕੇ?" (ਅਜ਼ਰਾ 9:15)। ਲੋਕਾਂ ਨੇ ਆਪਣੇ ਪਾਪਾਂ ਤੋਂ ਤੌਬਾ ਕੀਤੀ ਅਰ ਉਨ੍ਹਾਂ ਦਿਨਾਂ ਵਿੱਚ ਇੱਕ ਵੱਡੀ ਬੇਦਾਰੀ ਆਈ!

ਸਰਕਾਰ ਦੇ ਨਿਰਦੇਸ਼ਾਂ ਕਾਰਨ ਭਾਵੇਂ ਚਰਚ ਲੋਕਾਂ ਦੇ ਵੱਡੇ ਇਕੱਠ ਨਾਲ ਪ੍ਰਾਰਥਨਾ ਅਰ ਅਰਾਧਨਾ ਨਹੀਂ ਕਰ ਰਹੇ ਪਰੰਤੂ ਬਹੁਤੇ ਚਰਚ ਸੀਮਿਤ ਲੋਕਾਂ ਨਾਲ ਪ੍ਰਮੇਸ਼ਵਰ ਅੱਗੇ ਦਯਾ ਕਰਨ ਲਈ ਬੇਨਤੀਆਂ ਅਰ ਪ੍ਰਾਰਥਨਾਵਾਂ ਕਰ ਰਹੇ ਹਨ। ਕਈ ਪ੍ਰਾਰਥਨਾ ਸਭਾਵਾਂ ਨੂੰ ਟੀਵੀ ਚੈਨਲਾਂ, ਯੂਟਯੂਬ ਵੱਟਸਐਪ ਆਦਿ ਰਾਹੀਂ ਲਾਈਵ ਕਰ ਰਹੇ ਹਨ।ਪਰੰਤੂ ਇਹ ਮਿਲਕੇ ਸੰਗਤੀ ਕਰਨ ਦਾ ਵਿਕਲਪ ਨਹੀਂ ਹਨ।

ਪਿਆਰੇ ਮਿੱਤਰੋ, ਅਸੀਂ ਵੀ ਬੁਲਾਵੇ ਦੀ ਗੂੰਜ ਸੇਵਕਾਈ ਸਮੇਤ ਭਾਰੀ ਹਿਰਦੇ ਨਾਲ ਪ੍ਰਮੇਸ਼ਵਰ ਅੱਗੇ ਖਲੋਤੇ ਹਾਂ ਕਿਉਂਕਿ ਅਸੀਂ ਵੀ ਆਪਣੀਆਂ ਚਰਚ ਸਭਾਵਾਂ ਨਹੀਂ ਕਰ ਪਾ ਰਹੇ ਹਾਂ। ਅਸੀਂ ਆਪਣੀਆਂ ਅਰਾਧਨਾ ਅਰ ਪ੍ਰਾਰਥਨਾ ਸਭਾਵਾਂ ਥੋੜੇ ਜਿਹੇ ਮੈਂਬਰਾਂ ਨਾਲ ਹੀ ਕਰ ਰਹੇ ਹਾਂ ਅਰ ਬਾਕੀ ਮੈਂਬਰਾਂ ਲਈ ਇਨ੍ਹਾਂ ਨੂੰ you-tube ਅਤੇ whatsapp ਰਾਹੀਂ ਬੜੇ ਬੋਝ ਨਾਲ ਉਪਲੱਬਧ ਕਰਵਾ ਰਹੇ ਹਾਂ। ਸਾਡਾ ਮੁੱਖ ਬੋਝ ਹੈ ਕਿ ਸਾਡੇ ਵਿੱਚੋਂ ਕੋਈ ਵੀ ਇਸ ਵਾਇਰਸ ਤੋਂ ਪ੍ਰਭਾਵਿਤ ਨਾ ਹੋਵੇ ਅਰ ਸੰਸਾਰ ਨੂੰ ਜਲਦ ਤੋਂ ਜਲਦ ਇਸ ਤੋਂ ਛੁਟਕਾਰਾ ਮਿਲੇ।

ਅਸੀਂ ਪ੍ਰਾਰਥਨਾਵਾਂ ਵਿੱਚ ਇਹ ਵੀ ਚੇਤੇ ਕਰਦੇ ਹਾਂ ਕਿ ਕਿਵੇਂ ਪ੍ਰਮੇਸ਼ਵਰ ਨੇ ਮਿਸਰ ਵਿੱਚ ਕਿਵੇਂ ਆਪਣੇ ਲੋਕਾਂ ਨੂੰ ਬਲਾਵਾਂ ਤੋਂ ਬਚਾਇਆ ਅਰ ਖਾਸ ਤੌਰ ਤੇ ਦਸਵੀਂ ਬਲਾ ਤੋਂ ਜਦੋਂ ਮਿਸਰ ਵਿੱਚ ਹਾਹਾਕਾਰ ਮਚੀ ਹੋਈ ਸੀ। ਅਸੀਂ ਪੂਰਾ ਵਿਸ਼ਵਾਸ ਕਰਦੇ ਹਾਂ ਕਿ ਪ੍ਰਭੂ ਯਿਸੂ ਦਾ ਲਹੂ ਉਸ ਲੇਲੇ ਦੇ ਲਹੂ ਤੋਂ, ਜਿਸਨੇ ਇਸਰਾਏਲ ਨੂੰ ਬਚਾਇਆ, ਕਿਤੇ ਵਧੀਕ ਸਮਰੱਥੀ ਹੈ। ਪ੍ਰਭੂ ਯਿਸੂ ਦੇ ਨਾਂ ਵਿੱਚ ਅਸੀਂ ਉਸਦੇ ਲਹੂ ਦੀ ਸੁਰੱਖਿਆ ਦੀ ਘੋਸ਼ਣਾ ਕਰਦੇ ਹਾਂ!

## ਗਰੀਬਾਂ ਨੂੰ ਚੇਤੇ ਰੱਖੋ

ਲੌਕਡਾਊਨ ਦੇ ਦੌਰਾਨ ਲਗਭਗ ਸਭ ਛੋਟੇ ਅਰ ਵੱਡੇ ਉਦਯੋਗ ਬੰਦ ਹੋ ਗਏ, ਜਿਸ ਨਾਲ ਦੁਨੀਆਂ ਭਰ ਵਿੱਚ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ। ਕਈ ਤਾਂ ਕੁਝ ਸਮੇਂ ਤੱਕ ਹਲਾਤਾਂ ਦਾ ਸਾਹਮਣਾ ਕਰ ਪਾਏ ਪਰੰਤੂ ਕੁਝ ਸ਼ੁਰੂਆਤ ਵਿੱਚ ਹੀ ਬਿਪਤਾ ਅੱਗੇ ਢਹਿ ਪਏ। ਪ੍ਰਮੇਸ਼ਵਰ ਦਾ ਕਲਾਮ ਆਖਦਾ ਹੈ, "ਕੰਗਾਲ ਤਾਂ ਦੇਸ਼ ਵਿੱਚੋਂ ਬੰਦ ਨਾ ਹੋਣਗੇ, ਏਸ ਕਾਰਨ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਕਿ ਤੁਸੀਂ ਆਪਣੀ ਮੁੱਠ ਆਪਣੇ ਭਰਾ ਵੱਲ ਜਿਹੜਾ ਤੁਹਾਡੇ ਦੇਸ਼ ਵਿੱਚ ਲੋੜਵੰਦ ਅਤੇ ਕੰਗਾਲ ਹੋਵੇ ਜ਼ਰੂਰ ਖੁੱਲੀ ਰੱਖੋ" (ਬਿਵਸਥਾ ਸਾਰ 15:11)।

ਪ੍ਰਮੇਸ਼ਵਰ ਦੇ ਕਲਾਮ ਅਨੁਸਾਰ ਅੱਜ ਵੀ ਸਾਡੇ ਆਸ ਪਾਸ ਬਹੁਤ ਸਾਰੇ ਗਰੀਬ ਅਰ ਜ਼ਰੂਰਤਮੰਦ ਹਨ। ਸਾਡੇ ਵਿੱਚੋਂ ਕਈ ਇਸ ਯੋਗ ਹਨ ਕਿ ਉਹ ਉਨ੍ਹਾਂ ਦੀ ਸਹਾਇਤਾ ਕਰ ਸਕਣ। ਇਸ ਲਈ ਅਸੀਂ ਆਪਣੇ ਇਨ੍ਹਾਂ ਭਰਾਵਾਂ ਅਰ ਭੈਣਾਂ ਲਈ ਆਪਣੇ ਹੱਥ ਨੂੰ ਖੋਲੀਏ। "ਜਿਹੜਾ ਗਰੀਬਾਂ ਉੱਤੇ ਦਯਾ ਕਰਦਾ ਹੈ ਉਹ ਯਹੋਵਾਹ ਨੂੰ ਉਧਾਰ ਦਿੰਦਾ ਹੈ, ਅਤੇ ਉਹ ਉਸਨੂੰ ਉਸਦੀ ਕੀਤੀ ਦਾ ਫਲ ਦੇਵੇਗਾ" (ਕਹਾਉਤਾਂ 19:17)।

ਸਰਕਾਰ ਦੀਆਂ ਰਾਹਤ ਸਕੀਮਾਂ ਦੇ ਨਾਲ ਨਾਲ ਬਹੁਤ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ, ਸਵੈ-ਸੇਵੀ ਸੰਸਥਾਵਾਂ, ਅਤੇ ਲੋਕ ਵੀ ਜ਼ਰੂਰਤਮੰਦਾਂ ਅਤੇ ਗਰੀਬਾਂ ਦੀ ਮਦਦ ਲਈ ਅੱਗੇ ਆਏ ਹਨ। ਸਾਡੀ ਬੁਲਾਵੇ ਦੀ ਗੂੰਜ ਸੇਵਕਾਈ ਨੇ ਵੀ ਸਾਡੀਆਂ ਕਲੀਸਿਆਵਾਂ ਦੇ ਭਰਾਵਾਂ ਭੈਣਾਂ ਦੀ ਅਤੇ ਹੋਰ ਜ਼ਰੂਰਤਮੰਦ ਗਰੀਬਾਂ ਦੀ ਮਦਦ ਕਰਨ ਦਾ ਉਪਰਾਲਾ ਕੀਤਾ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮਦਦ ਕਰਨ ਵਾਲੇ ਅਜਿਹੇ ਵੱਡੇ ਦਿਲ ਵਾਲੇ ਲੋਕਾਂ ਨੂੰ ਪ੍ਰਮੇਸ਼ਵਰ ਚੇਤੇ ਰੱਖਦਾ ਹੈ ਅਤੇ ਉਨ੍ਹਾਂ ਨੂੰ ਕਈ ਗੁਣਾ ਵਾਪਿਸ ਕਰਦਾ ਹੈ।

ਸਾਡਾ ਵਿਸ਼ਵਾਸ

ਸਾਡੇ ਦਿਆਲੂ ਅਰ ਕਿਰਪਾਲੂ ਪ੍ਰਮੇਸ਼ਵਰ ਨੇ ਸਾਡੀਆਂ ਪ੍ਰਾਰਥਨਾਵਾਂ ਨੂੰ ਸੁਣ ਲਿਆ ਹੈ। ਧਰਤੀ ਉੱਪਰ ਇਹ ਵਿਖਾਈ ਦੇ ਰਿਹਾ ਹੈ। ਭਾਵੇਂ ਵਾਇਰਸ ਦੇ ਫੈਲਣ ਦੀ ਦਰ ਬਹੁਤ ਤੇਜ਼ ਹੈ ਪਰੰਤੂ ਬਹੁਤੇ ਦੇਸ਼ਾਂ ਵਿੱਚ ਮੌਤ ਦੀ ਦਰ ਘਟ ਰਹੀ ਹੈ ਅਤੇ ਠੀਕ ਹੋਣ ਵਾਲਿਆਂ ਦੀ ਦਰ ਵਧ ਰਹੀ ਹੈ। ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਲੌਕਡਾਊਨ ਨੂੰ ਖੋਲਣ ਅਤੇ ਆਰਥਿਕ ਗਤੀਵਿਧੀਆਂ ਨੂੰ ਮੁੜ ਬਹਾਲ ਕਰਨ ਦੀਆਂ ਰਣਨੀਤੀਆਂ ਬਣਾ ਲਈਆਂ ਹਨ। ਕੁਝ ਦੇਸ਼ਾਂ

ਵਿੱਚ ਆਮ ਹਾਲਾਤ ਬਹਾਲ ਹੋ ਰਹੇ ਹਨ। ਅਸੀਂ ਲਗਾਤਾਰ ਪ੍ਰਾਰਥਨਾ ਕਰ ਰਹੇ ਹਾਂ ਕਿ ਪ੍ਰਮੇਸ਼ਵਰ ਵਾਇਰਸ ਦੇ ਫੈਲਣ ਨੂੰ ਰੋਕੇ ਸੰਸਾਰ ਦੀ ਆਰਥਿਕਤਾ ਨੂੰ ਮੁੜ ਪਹਿਲਾਂ ਵਾਂਗ ਬਹਾਲ ਕਰੇ। ਸਾਡਾ ਵਿਸ਼ਵਾਸ ਹੈ ਕਿ ਪ੍ਰਮੇਸ਼ਵਰ ਇਹ ਜਲਦ ਕਰੇਗਾ!

ਸਾਡਾ ਪ੍ਰਮੇਸ਼ਵਰ ਅਰਾਧਨਾ ਨੂੰ ਪਸੰਦ ਕਰਦਾ ਹੈ। ਉਹ ਕਦੇ ਵੀ ਖੁਸ਼ ਨਹੀਂ ਹੋਵੇਗਾ ਕਿ ਚਰਚ ਬੰਦ ਰਹਿਣ। ਉਹ ਚਾਹੁੰਦਾ ਹੈ ਕਿ ਉਸਦੇ ਲੋਕ ਇਕੱਠੇ ਹੋਣ, ਆਪਣੇ ਦਿਲਾਂ ਨੂੰ ਉਸ ਅੱਗੇ ਡੋਲਣ ਅਤੇ ਪ੍ਰਾਰਥਨਾ ਦੀ ਸੁਗੰਧ ਨੂੰ ਉਸਦੀ ਵੇਦੀ ਅੱਗੇ ਚੜ੍ਹਾਉਣ। ਉਹ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸੁਣਕੇ ਅਨੰਦਤ ਹੁੰਦਾ ਹੈ ਅਰ ਬਰਕਤਾਂ ਅਤੇ ਰਹਿਮ ਨੂੰ ਵਰ੍ਹਾਉਂਦਾ ਹੈ।ਪ੍ਰਮੇਸ਼ਵਰ ਹਰ ਸਬਤ ਨੂੰ ਆਪਣੇ ਸੇਵਕਾਂ ਰਾਹੀਂ ਆਪਣੇ ਵਚਨ ਨੂੰ ਘੱਲਦਾ ਹੈ। ਉਸਦਾ ਵਚਨ ਪੂਰਾ ਹਫ਼ਤਾ ਭੇਡਾਂ ਦੀ ਭੁੱਖ ਅਤੇ ਪਿਆਸ ਨੂੰ ਤ੍ਰਿਪਤ ਕਰਦਾ ਹੈ। ਇਹ ਆਤਮਿਕ ਰੀਚਾਰਜ ਹੁੰਦਾ ਹੈ ਜੋ ਇੱਕ ਬੈਟਰੀ ਵਾਂਗ ਹਰ ਹਫ਼ਤੇ ਕੀਤਾ ਜਾਂਦਾ ਹੈ। ਯਿਸੂ ਨੇ ਆਖਿਆ, "ਮੇਰੀਆਂ ਭੇਡਾਂ ਮੇਰਾ ਸ਼ਬਦ ਸੁਣਦੀਆਂ ਹਨ ਅਰ ਮੈਂ ਉਨ੍ਹਾਂ ਨੂੰ ਜਾਣਦਾ ਹਾਂ, ਉਹ ਮੇਰੇ ਮਗਰ ਆਉਂਦੀਆਂ ਹਨ" (ਯੂਹੰਨਾ 10:27)।

ਪਿਆਰੇ ਮਿੱਤਰੋ, ਬਹੁਤ ਜਲਦ ਅਸੀਂ ਇਸ ਮਹਾਂਮਾਰੀ ਵਿੱਚੋਂ ਬਾਹਰ ਨਿਕਲਾਂਗੇ। ਜਲਦੀ ਹੀ ਅਸੀਂ ਆਪਣੇ ਪ੍ਰਮੇਸ਼ਵਰ ਦੀ ਅਰਾਧਨਾ ਹੋਰ ਜੋਸ਼ ਅਤੇ ਸਮਰਪਣ ਨਾਲ ਕਰਾਂਗੇ। ਲੋਕ ਪ੍ਰਮੇਸ਼ਵਰ ਦੇ ਵਚਨ ਨੂੰ ਸੁਣਨਗੇ। ਸਾਡੀ ਆਰਥਿਕਤਾ ਮੁੜ ਬਹਾਲ ਹੋਵੇਗੀ ਅਤੇ ਲੋਕਾਂ ਦੀਆਂ ਨੌਕਰੀਆਂ ਅਤੇ ਉਨ੍ਹਾਂ ਦੀ ਰੋਜ਼ੀ ਪ੍ਰਮੇਸ਼ਵਰ ਦੇ ਹੱਥਾਂ ਵਿੱਚ ਸੁਰੱਖਿਅਤ ਹੋਵੇਗੀ। ਸੰਸਾਰ ਵਿੱਚ ਪਹਿਲਾਂ ਤੋਂ ਵੀ ਵੱਡਾ ਅਨੰਦ ਹੋਵੇਗਾ!

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸੰਸਾਰ ਵਿੱਚ ਪ੍ਰਮੇਸ਼ਵਰ ਦੀ ਅਰਾਧਨਾ ਦਾ ਇੱਕ ਨਵਾਂ ਰੂਪ ਜਨਮ ਲਵੇਗਾ। ਲੋਕ ਵੱਡੀ ਗਿਣਤੀ ਵਿੱਚ ਵਧੀਕ ਉਤਸ਼ਾਹ ਅਤੇ ਜੋਸ਼ ਨਾਲ ਪ੍ਰਮੇਸ਼ਵਰ ਕੋਲ ਆਉਣਗੇ।ਪ੍ਰਮੇਸ਼ਵਰ ਦੇ ਸੇਵਕਾਂ ਨੂੰ ਵੀ ਲੋੜ ਹੈ ਕਿ ਉਹ ਨਵੇਂ ਸਮਰਪਣ ਅਤੇ ਬਲੀਦਾਨ ਨਾਲ ਪ੍ਰਮੇਸ਼ਵਰ ਅੱਗੇ ਖੁਦ ਨੂੰ ਚੜ੍ਹਾਉਣ। ਲੋਕ ਸੰਸਾਰ ਪਿੱਛੇ ਨਹੀਂ ਪਰੰਤੂ ਯਿਸੂ ਪਿੱਛੇ ਨੱਸਣ। ਸਾਡੀ ਜੀਵਨ ਸ਼ੈਲੀ ਵੀ ਬਦਲਣੀ ਚਾਹੀਦੀ ਹੈ। ਸਭ ਅਰਾਧਕਾਂ ਅਤੇ ਪ੍ਰਚਾਰਕਾਂ ਦਾ ਵਿਸ਼ੇਸ਼ ਪਹਿਰਾਵਾ ਹੋਣਾ ਚਾਹੀਦਾ ਹੈ! ਪ੍ਰਮੇਸ਼ਵਰ ਦੀ ਵੇਦੀ ਬਲੀਦਾਨ ਕਰਨਾ ਸਿਖਾਉਂਦੀ ਹੈ।ਪ੍ਰਮੇਸ਼ਵਰ ਨੇ ਇਹ ਇੱਕ ਮੌਕਾ ਸਾਨੂੰ ਦਿੱਤਾ ਹੈ ਕਿ ਅਸੀਂ ਆਪਣੇ ਮਾਰਗਾਂ ਨੂੰ ਸੁਧਾਰ ਸਕੀਏ!

ਸੱਚਮੁਚ, ਅਸੀਂ ਇੱਕ ਨਵੇਂ ਜੀਵਨ ਅਰ ਨਵੇਂ ਸੰਸਾਰ ਵੱਲ ਵਧ ਰਹੇ ਹਾਂ। ਸੰਸਾਰ ਕਦੇ ਵੀ ਪਹਿਲਾਂ ਵਾਂਗ ਨਹੀਂ ਰਹੇਗਾ। "ਯਹੋਵਾਹ ਦੇ ਮੁੱਲ ਲਏ ਹੋਏ ਮੁੜ ਆਉਣਗੇ, ਉਹ ਜੈਕਾਰਿਆਂ ਨਾਲ ਸੀਯੋਨ ਨੂੰ ਆਉਣਗੇ, ਅਤੇ ਅਨੰਤ ਅਨੰਦ ਉਨ੍ਹਾਂ ਦੇ ਸਿਰਾਂ ਉੱਤੇ ਹੋਵੇਗਾ। ਉਹ ਖੁਸ਼ੀ ਅਤੇ ਅਨੰਦ ਪ੍ਰਾਪਤ ਕਰਨਗੇ, ਸੋਗ ਅਤੇ ਹੂੰਗਾ ਨੱਠ ਜਾਣਗੇ" (ਯਸਾਯਾਹ 35:10)। ਪ੍ਰਮੇਸ਼ਵਰ ਵੱਡੇ ਕੰਮ ਕਰੇਗਾ। ਉਹ ਤੁਹਾਡੇ ਸਭ ਹੰਝੂਆਂ ਨੂੰ ਪੂੰਝ ਦੇਵੇਗਾ!

"ਹੇ ਭੂਮੀ ਨਾ ਡਰ, ਖੁਸ਼ੀ ਮਨਾ ਤੇ ਅਨੰਦ ਹੋ,
ਕਿਉਂ ਜੋ ਯਹੋਵਾਹ ਨੇ ਵੱਡੇ ਕੰਮ ਕੀਤੇ ਹਨ!"

---

## ਇੱਕ ਪਿਆਰ ਭਰੀ ਬੇਨਤੀ

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਅਸੀਂ ਆਪਣੀਆਂ ਕਈ ਲੋੜਾਂ, ਜਿਵੇਂ ਸਟਾਫ਼ ਦੀ ਤਨਖਾਹ ਦੇਣ, ਪੇਪਰ ਖਰੀਦਣ ਅਰ ਅਵਾਜਾਈ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਠਿਨਾਈ ਦਾ ਸਾਹਮਣਾ ਕਰ ਰਹੇ ਹਾਂ। ਆਮ ਤੌਰ ਤੇ ਅਸੀਂ ਕਦੇ ਕਿਸੇ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਆਖਦੇ। ਪਰੰਤੂ ਅਸੀਂ ਉਨ੍ਹਾਂ ਅੱਗੇ, ਜੋ ਸੱਚਮੁਚ ਇਸ ਸੇਵਕਾਈ ਨੂੰ ਪਿਆਰ ਕਰਦੇ ਹਨ, ਬੇਨਤੀ ਕਰਦੇ ਹਾਂ ਕਿ ਉਹ ਆਪਣੇ ਨਜ਼ਰਾਨੇ/ ਭੇਟਾਂ ਮਨੀ ਆਡਰ, ਚੈੱਕ ਜਾਂ ਡਿਮਾਂਡ ਡ੍ਰਾਫ਼ਟ, Phone Pay, NEFT ਜਾਂ ਕਿਸੇ ਹੋਰ ਢੰਗ ਨਾਲ ਇਸ ਸੇਵਕਾਈ ਦੀ ਮਦਦ ਲਈ ਭੇਜਣ। ਪ੍ਰਮੇਸ਼ਵਰ ਤੁਹਾਨੂੰ ਜ਼ਰੂਰ ਬਰਕਤ ਦੇਵੇਗਾ!

-ਸੰਪਾਦਕ
ਬੁਲਾਵੇ ਦੀ ਗੂੰਜ


# NEHEMIAH BIBLE COLLEGES, CHENNAI, INDIA

**ECHO OF HIS CALL MINISTRIES** (ESTD.: 1969)

**Affiliated to Hindustan Bible Institute & College (HBI), Chennai**
**&**
**Recognised by the International Christian Leaders & Senior Pastors for the 50 Years! Hundreds of candidates benefitted!!**

**RESIDENTIAL COLLEGE, Velachery**
**(Medium: English & Hindi)**
Course : Diploma in Theology,
Qualification : 10th Standard
Period : One year (with field and administrative trainings)

Golden Opportunity!

Don't miss!!

God is Calling you!!!

**EVENING COLLEGE, Chepauk & Santhoshapuram**
**(Medium : Tamil)**
Course : Diploma in Theology
*Monday, Tuesday & Thursday 6.30 PM to 8.30 PM*
(Evening Classes - Chepauk)
Qualification : 10th Standard
Period : One year (with Special Seminars on holidays)

**Pastor S. Sam Selva Raj, Founder-President**

**For more details & application forms please contact :**
NEHEMIAH BIBLE COLLEGES
10, Mohammed Abdullah 2nd Street, Bells Road, Opp. Cricket Stadium, Chepauk, Chennai - 600 005, India.
**Phone : (+91-44) 2852 8282, 2852 9293, 2854 7766, Cell No : (+91) 98410 71852, 95661 31858**
**E.mail : sam@echoofhiscall.org / biblecor@yahoo.co.in Websites : www.echoofhiscall.org / www.echoofhiscall.com**



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

## "ਕਿਉਂ ਜੋ ਯਹੋਵਾਹ ਤੇਰੀ ਆਸ ਹੋਵੇਗਾ ਅਤੇ ਉਹ ਤੇਰੇ ਪੈਰ ਨੂੰ ਫਸਣ ਤੋਂ ਬਚਾਵੇਗਾ" (ਕਹਾਉਤਾਂ 3:26)

ਸ਼ਾਮ ਦੇ ਸਮੇਂ ਬ੍ਰ. ਸੈਮੂਏਲ ਡੈਨਿਏਲ, ਫ਼ੇਥ ਪ੍ਰੇਅਰ ਐਂਡ ਟ੍ਰੈਕਟ ਲੀਗ, ਬ੍ਰ. ਆਰ. ਜੇਮਸ ਰੇਨਾਲਡ ਆਦਿ ਨਾਲ ਮਿਲ ਕੇ ਸਕ੍ਰਿਪਚਰ ਗਿਫ਼ਟ ਮਿਸ਼ਨ ਵੱਲੋਂ ਪ੍ਰਕਾਸ਼ਿਤ ਸੁਸਮਾਚਾਰ ਟ੍ਰੈਕਟ ਅਤੇ ਛੋਟੀਆਂ ਪੁਸਤਕਾਂ ਨੂੰ ਗਲੀਆਂ, ਬਜ਼ਾਰਾਂ, ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ ਅਤੇ ਬੀਚਾਂ ਆਦਿ ਤੇ ਵੰਡਣਾ ਮੇਰੀ ਹਰ ਰੋਜ਼ ਦੀ ਆਦਤ ਸੀ। ਕਿਉਂਕਿ ਸਵੇਰ ਤੋਂ ਸ਼ਾਮ ਤੀਕ ਮੈਂ ਸਰਕਾਰੀ ਨੌਕਰੀ ਕਰਦਾ ਸੀ ਅਰ ਸ਼ਾਮ ਤੋਂ ਦੇਰ ਰਾਤ ਤੱਕ ਮੈਂ ਸੁਸਮਾਚਾਰ ਪਰਚੇ ਵੰਡਦਾ ਹੁੰਦਾ ਸੀ, ਇਸ ਕਰਕੇ ਲੋਕ ਮੇਰੇ ਲਈ ਇਹ ਟਿੱਪਣੀ ਕਰਨ ਲੱਗੇ ਕਿ ਇਹ ਆਦਮੀ ਸ਼ਾਮ ਤੋਂ ਬਾਦ ਪਾਗਲ ਹੋ ਜਾਂਦਾ ਹੈ; ਇਸ ਕਾਰਨ ਉਹ ਮੇਰੇ ਨਾਲ ਅਜੀਬ ਵਿਹਾਰ ਕਰਨ ਲੱਗੇ ਅਤੇ ਮੇਰੇ ਕੋਲੋਂ ਦੂਰ-ਦੂਰ ਰਹਿਣ ਲੱਗੇ। ਪਰੰਤੂ ਮੈਂ ਆਪਣੀ ਸੇਵਕਾਈ ਦਾ ਕੰਮ ਜਾਰੀ ਰੱਖਿਆ। ਕਈ ਵਾਰ ਮੈਂ ਲੋਕਾਂ ਨੂੰ ਮੁਫਤ ਸੁਸਮਾਚਾਰ ਪਰਚੇ ਵੰਡਣ ਲਈ 15-20 ਕਿਲੋਮੀਟਰ ਤੱਕ ਪੈਦਲ ਚੱਲਦਾ ਸੀ। ਪਰੰਤੂ ਮੇਰੇ ਕੋਲ ਅਜਿਹੀ ਕੋਈ ਵੀ ਜਗ੍ਹਾ ਨਹੀਂ ਸੀ, ਜਿੱਥੇ ਮੈਂ ਆਪਣੇ ਨਵੇਂ ਸਾਥੀਆਂ ਨਾਲ ਬੈਠ ਕੇ ਪ੍ਰਭੂ ਯਿਸੂ ਬਾਰੇ ਗੱਲ ਕਰ ਸਕਦਾ।

ਸੰਨ 1973 ਵਿੱਚ, ਇੱਕ ਦਿਨ ਜਦੋਂ ਮੈਂ ਟ੍ਰੈਕਟ ਵੰਡਦਾ ਹੋਇਆ ਕੁਝ ਲੋਕਾਂ ਨਾਲ ਸੁਸਮਾਚਾਰ ਬਾਰੇ ਗੱਲ ਕਰ ਰਿਹਾ ਸੀ ਤਾਂ ਉਹ ਮੇਰੇ ਵਿਰੁੱਧ ਇਕੱਠੇ ਹੋ ਕੇ ਮੈਥੋਂ ਅਜੀਬ-ਅਜੀਬ ਪ੍ਰਸ਼ਨ ਪੁੱਛਣ ਲੱਗੇ ਅਰ ਮੈਨੂੰ ਬਜ਼ਾਰ ਵਿੱਚ ਹੀ ਮਾਰਨ ਲਈ ਅੱਗੇ ਵਧੇ। ਸਰੀਰਕ ਤੌਰ ਤੇ ਮੈਂ ਬਿਲਕੁਲ ਇਕੱਲਾ ਮਹਿਸੂਸ ਕਰ ਰਿਹਾ ਸੀ। ਇੱਕ ਵੇਲੇ ਤਾਂ ਮੈਂ ਘਬਰਾ ਗਿਆ ਅਰ ਅਕਾਸ਼ ਵੱਲ ਵੇਖ ਕੇ ਪ੍ਰਮੇਸ਼ਵਰ ਕੋਲੋਂ ਮਦਦ ਮੰਗਣ ਲੱਗਾ। ਮੈਨੂੰ ਅੰਦਾਜ਼ਾ ਹੋ ਗਿਆ ਕਿ ਉੱਥੇ ਮੈਨੂੰ ਬਚਾਉਣ ਵਾਲਾ ਕੋਈ ਵੀ ਮਸੀਹੀ ਭਰਾ ਨਹੀਂ ਸੀ ਅਰ ਉਸ ਸ਼ਾਮ ਮੇਰੇ ਨਾਲ ਕੁਝ ਬੁਰਾ ਹੋਣ ਵਾਲਾ ਸੀ। ਮੇਰੇ ਹੱਥ ਅਰ ਲੱਤਾਂ ਕੰਬਣ ਲੱਗੇ ਸਨ।

ਅਚਾਨਕ, ਇੱਕ ਜਵਾਨ ਵਿਅਕਤੀ ਮੇਰੇ ਸਾਹਮਣੇ ਆ ਕੇ ਮੈਨੂੰ ਪੁੱਛਣ ਲੱਗਾ, "ਤੁਸੀਂ ਕੌਣ ਹੋ?" ਮੈਂ ਉੱਤਰ ਦਿੱਤਾ, "ਮੈਂ ਸਰਵ-ਸ਼ਕਤੀਮਾਨ ਪ੍ਰਮੇਸ਼ਵਰ ਯਿਸੂ ਮਸੀਹ ਦਾ ਇੱਕ ਦੀਨ ਸੇਵਕ ਹਾਂ" "ਤੁਸੀਂ ਇੱਥੇ ਅਜਿਹਾ ਅਣਸੁਖਾਵਾਂ ਮਾਹੌਲ ਕਿਵੇਂ ਪੈਦਾ ਕਰ ਦਿੱਤਾ ਹੈ?" ਮੈਂ ਜਵਾਬ ਦਿੱਤਾ, "ਸ਼੍ਰੀਮਾਨ, ਮੈਂ ਇੱਥੇ ਕਿਸੇ ਨੂੰ ਵੀ ਪਰੇਸ਼ਾਨ ਨਹੀਂ ਕਰ ਰਿਹਾ। ਆਪਣੇ ਪਾਪਾਂ ਅਰ ਮਸੀਹ ਤੋਂ ਸੱਖਣੇ ਜੀਵਨ ਕਰਕੇ ਇਸ ਇਲਾਕੇ ਦੇ ਮੇਰੇ ਲੋਕ ਨਰਕ ਦੀ ਅਨੰਤ ਅੱਗ ਵੱਲ ਵਧ ਰਹੇ ਹਨ। ਮੈਂ ਇਨ੍ਹਾਂ ਨੂੰ ਇਸ ਸੰਸਾਰ ਵਿੱਚ ਅਤੇ ਅਨੰਤਕਾਲ ਲਈ ਵੀ ਇੱਕ ਖੁਸ਼ਹਾਲ ਜੀਵਨ ਬਾਰੇ ਦੱਸ ਰਿਹਾ ਹਾਂ"। ਤੁਰੰਤ, ਉਸਨੇ ਉਨ੍ਹਾਂ ਸਭ ਲੋਕਾਂ ਦੇ ਵਿਚਕਾਰ ਜੋ ਮੈਨੂੰ ਘੇਰੇ ਹੋਏ ਸਨ, ਮੈਨੂੰ ਗਲੇ ਨਾਲ ਲਗਾ ਲਿਆ ਅਰ ਚੁੰਮਿਆਂ। ਉਸਨੇ ਆਪਣੀ ਬਾਰੇ ਦੱਸਦੇ ਹੋਏ ਕਿਹਾ, ਕਿ ਮੇਰਾ ਨਾਮ ਗਿਆਨਸਿਗਮਨੀ ਹੈ ਅਰ ਮੈਂ ਵੈਸਲੀ ਚਰਚ, ਰੋਯਾਪੇਟਾਹ, ਚੇਨੰਈ-14 ਤੋਂ ਹਾਂ ਅਰ ਉਸਨੇ ਮੈਨੂੰ ਉਨ੍ਹਾਂ ਲੋਕਾਂ ਤੋਂ ਬਚਾ ਲਿਆ।

ਫਿਰ ਉਹ ਮੈਨੂੰ, 'ਮੁਹੰਮਦ ਹੁਸੈਨ ਸਟ੍ਰੀਟ' ਵਿਖੇ ਸਥਿਤ ਆਪਣੇ ਘਰ ਵਿੱਚ ਲੈ ਗਿਆ ਜਿੱਥੇ ਉਸਨੇ ਮੈਨੂੰ ਇੱਕ ਜਗ੍ਹਾ ਦੇ ਦਿੱਤੀ ਜਿੱਥੇ ਮੈਂ ਆਪਣੀ ਹਫ਼ਤਾਵਰ ਪ੍ਰਾਰਥਨਾ ਸਭਾ ਕਰ ਸਕਾਂ। ਉਨ੍ਹਾਂ ਨੇ ਆਪਣੀ ਪਤਨੀ ਮਿਸੇਜ਼ ਏਂਜਲਿਨ ਅਤੇ ਆਪਣੇ ਬੇਟੇ ਅਰ ਬੇਟੀ ਨੂੰ ਮੇਰਾ ਖਿਆਲ ਰੱਖਣ ਅਤੇ ਸੇਵਕਾਈ ਵਿੱਚ ਮੇਰੀ ਮਦਦ ਕਰਨ ਲਈ ਵੀ ਆਖਿਆ। ਉਹ ਲਗਭਗ 40 ਸਾਲ ਤੱਕ ਆਪਣੇ ਪਿਆਰ ਅਰ ਮਦਦ ਰਾਹੀਂ ਮੇਰੀ ਸਹਾਇਤਾ ਕਰਦੇ ਰਹੇ ਅਤੇ ਅਖ਼ੀਰ ਬੜੇ ਸ਼ਾਂਤਮਈ ਢੰਗ ਨਾਲ ਅਕਤੂਬਰ, 2012 ਵਿੱਚ ਪ੍ਰਭੂ ਕੋਲ ਚਲੇ ਗਏ।ਪ੍ਰਮੇਸ਼ਵਰ ਨੇ ਇਸ ਦੀਨ ਸੇਵਕ ਦੀ ਮਦਦ ਕਰਨ ਦੇ ਕਰਕੇ ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਨੂੰ ਭਰਪੂਰੀ ਨਾਲ ਬਰਕਤ ਦਿੱਤੀ।

ਪ੍ਰਮੇਸ਼ਵਰ ਆਖਦਾ ਹੈ, "ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਤੁਹਾਡੇ ਵਿੱਚੋਂ ਜਿਸ ਕਿਸੇ ਨੇ ਵੀ ਮੇਰੇ ਇਨ੍ਹਾਂ ਭਰਾਵਾਂ ਵਿੱਚੋਂ ਛੋਟੇ ਤੋਂ ਛੋਟੇ ਨਾਲ ਕੀਤਾ ਉਸਨੇ ਮੇਰੇ ਨਾਲ ਕੀਤਾ"। ਕਿਰਪਾ ਕਰਕੇ ਦੂਸਰਿਆਂ ਨਾਲ ਭਲਾਈ ਕਰੋ, ਵਿਸ਼ੇਸ਼ ਤੌਰ ਤੇ ਪ੍ਰਮੇਸ਼ਵਰ ਦੇ ਬੱਚਿਆਂ ਨਾਲ। ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

---


**Echo of His Call Postal Courses**

ਪੱਤਰ ਵਿਵਹਾਰ ਰਾਹੀਂ ਬਾਈਬਲ ਕੋਰਸ)

**1. BIBLECOR/ਬਾਈਬਲਕੋਰ**

ਅਸੀਂ ਬਾਈਬਲ ਦੀਆਂ ਮੂਲ ਸੱਚਾਈਆਂ ਤੇ ਪੱਤਰ ਵਿਹਾਰ ਰਹੀ ਇਕ ਕੋਰਸ ਪ੍ਰਤਾਵਿਤ ਕਰ ਰਹੇ ਹਾਂ।ਹਿੰਦੀ ਅੰਗਰੇਜੀ ਅਤੇ ਤਾਮਿਲ ਭਾਸ਼ਾ ਵਿੱਚ ਤੁਹਾਨੂੰ ਕਰੀਬ ੭੦ ਪੰਨਿਆਂ ਦੀ **'ਨਵਾਂ ਜੀਵਨ ਤੁਹਾਡੇ ਲਈ'** ਨਾਮ ਦੀ ਇੱਕ ਕੋਰਸ ਦੀ ਕਿਤਾਬ ਦਿੱਤੀ ਜਾਵੇਗੀ।ਕੋਰਸ ਦੇ ਅੰਤ ਵਿੱਚ ਤੁਹਾਨੂੰ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।ਫੀਸ ਜਰੂਰੀ ਨਹੀਂ ਹੋਵੇਗੀ।ਇਹ ਕੋਰਸ ਸਿਰਫ ਭਾਰਤ ਲਈ ਉਪਲਬਧ ਹੈ

**2. THEOLOGICAL CORRESPONDENCE COURSE**

ਪਾਦਰੀਆਂ, ਪ੍ਰਚਾਰਕਾਂ ਅਤੇ ਮਸੀਹੀ ਆਗੂਆਂ ਲਈ ਵੀ **Advanced Distance Education** ਕੋਰਸ **Theological Correspondence Course** ਉਪਲਬਧ ਹੈ! ੧੦੦੦/- ਰੁਪਏ ਫੀਸ ਚਾਰਜ ਕੀਤੀ ਜਾਵੇਗੀ। ੧੪੨ ਪਾਠਾਂ ਦੀਆਂ ੭ ਕਿਤਾਬਾਂ ਭੇਜਜਣੀਆਂ ਜਾਣਗੀਆਂ । ਤੁਸੀਂ **Certificate in Ministry** ਪ੍ਰਾਪਤ ਕਰ ਸਕਦੇ ਹੋ!

**ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਲਿਖੋ :**

**The Chairman, Nehemiah Bible College, Echo of His Call**

10, Mohammed Abdullah 2nd Street, Opp. Cricket Stadium,

Chepauk, Chennai - 600 005, India.

**Ph.: (044) 2852 8282, 2852 9293, 2854 7766, Cell : (+91) 98410 71852, 95661 31858 E-mail : biblecor@yahoo.co.in**

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.

## ECHO OF HIS CALL

10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 98410 71852, 95661 31858
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com

**YOU CAN SEND YOUR DONATIONS ON ONLINE ALSO**

## PLEASE PRAY FOR OUR MINISTRIES AT THE HEADQUARTERS

1. Prayer Service : 24 hours
2. **BIBLECOR -** Bible Correspondence Courses : English, Tamil & Hindi
3. **ECHO OF HIS CALL** - Monthly Magazines : English, Tamil, Malayalam, Telugu, Hindi, Kannada, Marathi, Gujarati, Bengali, Odiya, Nepali, Assamese, Punjabi, Urdu, Sinhala & Afrikaans.
4. Nehemiah Bible Colleges (Two Centres)
5. Theological Correspondence Courses: English & Tamil
6. Great Commission Partners (Network of Pastors)
7. Training Programmes
8. Crusades
9. Literature Distribution and Follow Up
10. Gospel Printing Press - Publications
11. St. Paul's Matriculation School - Village English High School
12. Sunday Schools : 8.30 a.m. & 4.00 p.m. Sunday
13. **Tamil Services : 5.30 a.m. , 7.00 a.m. & 10.00 a.m. Sunday**
14. **Malayalam Service : 2.00 p.m. Sunday**
15. **Telugu Service : 4.00 p.m. Sunday**
16. **Hindi Service : 5.00 p.m. Sunday**
17. **English & Tamil Service : 6.00 p.m. Sunday**
18. Pastors' Counselling : 4.00 p.m. Sunday
19. Women's Prayer : 5.30 p.m. Wednesday
20. Mid-week Bible study : 6.30 p.m. Wednesday
21. Men's Prayer : 7.00 p.m. Friday
22. Workers' Meeting : 6.00 p.m. Saturday
23. House Meetings : 6.30 p.m. Monday & Tuesday
24. Special Holy Communion : 5.30 a.m. 1st day of each month
25. Ministers Review Meeting : 5.30 p.m. First Saturday
26. Parents' Prayer : 4.00 p.m. First Sunday
27. Night Prayer : 9.30 p.m. Second Friday
28. Fasting Prayer : 9:30 a.m. Third Saturday
29. Holy Communion : Second Sunday Services
30. Morning Devotion : 5.30 a.m. daily
31. Staff Devotion : 9.00 a.m. daily
32. Office : 9.00 a.m. to 9.00 p.m. (except Sundays)

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

RNI NO. 2000/1914
Postal Regn. No. TN/CH/(C)/192/18-20
WPP NO. TN/PMG(CCR) / WPP- 263/18-20
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 5th AUGUST 2020
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**